ਐਤਵਾਰ, 8 ਫਰਵਰੀ, 2026
26 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 249

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 8 FEBRUARY, 2026
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਮਰੀਕਾ ਭਾਰਤੀ ਵਸਤੂਆਂ 'ਤੇ ਟੈਕਸ ਘਟਾ ਕੇ 18 ਫੀਸਦੀ ਕਰਨ ਲਈ ਸਹਿਮਤ

ਵਾਸ਼ਿੰਗਟਨ : ਭਾਰਤ ਅਤੇ ਅਮਰੀਕਾ ਨੇ ਸਨਿੱਚਰਵਾਰ ਐਲਾਨ ਕੀਤਾ ਹੈ ਕਿ ਉਨ੍ਹਾਂ ਇੱਕ ਅੰਤਰਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤੀ ਜਤਾਈ ਹੈ, ਜਿਸ ਦੇ ਤਹਿਤ ਨਵੀਂ ਦਿੱਲੀ 'ਤੇ ਲਗਾਏ ਗਏ ਟੈਕਸ ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਜਾਵੇਗਾ। ਸਮਝੌਤੇ ਅਨੁਸਾਰ ਭਾਰਤ ਸਾਰੀਆਂ ਅਮਰੀਕੀ ਉਦਯੋਗਿਕ ਵਸਤੂਆਂ ਅਤੇ ਅਮਰੀਕੀ ਭੋਜਨ ਤੇ ਖੇਤੀਬਾੜੀ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਖਤਮ ਕਰੇਗਾ ਜਾਂ ਘਟਾਏਗਾ, ਜਿਸ ਵਿੱਚ ਸੁੱਕੇ ਡਿਸਟਿਲਰ ਅਨਾਜ, ਪਸ਼ੂ ਖੁਰਾਕ ਲਈ ਲਾਲ ਸੋਰਘਮ, ਟਰੀ ਨਟਸ, ਤਾਜ਼ੇ ਅਤੇ ਪ੍ਰੋਸੈੱਸ ਕੀਤੇ ਫਲ, ਸੋਇਆਬੀਨ ਤੇਲ, ਵਾਈਨ ਤੇ ਸਪਿਰਟ ਅਤੇ ਹੋਰ ਉਤਪਾਦ ਸ਼ਾਮਲ ਹਨ। ਦੋਵਾਂ ਦੇਸ਼ਾਂ ਵੱਲੋਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ, 'ਅਮਰੀਕਾ ਅਤੇ ਭਾਰਤ ਇਹ ਐਲਾਨ ਕਰਦੇ ਹੋਏ ਖੁਸ਼ ਹਨ ਕਿ ਉਹ ਆਪਸੀ ਅਤੇ ਲਾਭਕਾਰੀ ਵਪਾਰ ਦੇ ਸੰਬੰਧ ਵਿੱਚ ਇੱਕ ਅੰਤਰਮ ਸਮਝੌਤੇ ਲਈ ਫਰੇਮਵਰਕ 'ਤੇ ਪਹੁੰਚ ਗਏ ਹਨ।' ਬਿਆਨ ਵਿੱਚ ਕਿਹਾ ਗਿਆ ਕਿ ਇਹ ਫਰੇਮਵਰਕ 13 ਫਰਵਰੀ 2025 ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਵਿਆਪਕ ਅਮਰੀਕਾ-ਭਾਰਤ ਦੁਵੱਲੇ ਵਪਾਰ ਸਮਝੌਤੇ ਦੀ ਗੱਲਬਾਤ ਪ੍ਰਤੀ ਦੇਸ਼ਾਂ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਾ ਹੈ। ਸਮਝੌਤੇ ਦੀਆਂ ਮੁੱਖ ਸ਼ਰਤਾਂ ਅਨੁਸਾਰ ਅਮਰੀਕਾ ਭਾਰਤੀ ਵਸਤੂਆਂ 'ਤੇ ਦਰਾਮਦ ਡਿਊਟੀ ਘਟਾ ਕੇ 18 ਫੀਸਦੀ ਕਰੇਗਾ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਅਮਰੀਕਾ ਨੇ ਰੂਸੀ ਤੇਲ ਦੀ ਖਰੀਦ ਕਾਰਨ ਭਾਰਤ 'ਤੇ 25 ਫੀਸਦੀ ਪਰਸਪਰ ਟੈਕਸ ਅਤੇ 25 ਫੀਸਦੀ ਵਾਧੂ ਲੇਵੀ ਲਗਾਈ ਸੀ। 50 ਫੀਸਦੀ ਟੈਕਸ ਕਾਰਨ ਭਾਰਤੀ ਨਿਰਯਾਤਕਾਂ ਨੂੰ ਭਾਰੀ ਮਾਰ ਪਈ ਸੀ। ਟੈਕਸ ਵਿੱਚ ਇਸ ਕਟੌਤੀ ਨਾਲ ਭਾਰਤ ਦੇ ਟੈਕਸਟਾਈਲ, ਚਮੜਾ, ਪਲਾਸਟਿਕ, ਰਬੜ, ਜੈਵਿਕ ਰਸਾਇਣ ਅਤੇ ਕਲਾਤਮਕ ਵਸਤੂਆਂ ਵਰਗੇ ਖੇਤਰਾਂ ਦੇ ਨਿਰਯਾਤ ਨੂੰ ਹੁਲਾਰਾ ਮਿਲੇਗਾ। ਅੰਤਰਮ ਸਮਝੌਤੇ ਦੇ ਸਫਲਤਾਪੂਰਵਕ ਮੁਕੰਮਲ ਹੋਣ 'ਤੇ ਜੈਨਰਿਕ ਦਵਾਈਆਂ, ਰਤਨ ਅਤੇ ਹੀਰੇ ਅਤੇ ਜਹਾਜ਼ਾਂ ਦੇ ਹਿੱਸਿਆਂ ਸਮੇਤ ਵਸਤੂਆਂ 'ਤੇ ਟੈਕਸ ਜ਼ੀਰੋ ਹੋ ਜਾਵੇਗਾ, ਜੋ 'ਮੇਕ ਇਨ ਇੰਡੀਆ' ਮੁਹਿੰਮ ਨੂੰ ਹੋਰ ਮਜ਼ਬੂਤ ਕਰੇਗਾ। ਭਾਰਤ ਅਗਲੇ ਪੰਜ ਸਾਲਾਂ ਵਿੱਚ 500 ਬਿਲੀਅਨ ਡਾਲਰ ਦੇ ਅਮਰੀਕੀ ਊਰਜਾ ਉਤਪਾਦ, ਜਹਾਜ਼, ਕੀਮਤੀ ਧਾਤਾਂ ਤੇ ਤਕਨਾਲੋਜੀ ਉਤਪਾਦ ਖਰੀਦਣ ਦਾ ਇਰਾਦਾ ਰੱਖਦਾ ਹੈ।

ਭਾਰਤ ਅਮਰੀਕਾ ਤੋਂ 80 ਰੁਪਏ ਪ੍ਰਤੀ ਕਿਲੋ ਸੇਬ ਕਰੇਗਾ ਦਰਾਮਦ

ਨਵੀਂ ਦਿੱਲੀ : ਕੇਂਦਰੀ ਵਣਜ ਮੰਤਰੀ ਪਿਊਸ਼ ਗੋਇਲ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਇਤਿਹਾਸਕ ਵਪਾਰਕ ਸਮਝੌਤੇ ਦੀ ਸ਼ਲਾਘਾ ਕਰਦਿਆਂ ਇਸ ਨੂੰ 2047 ਤੱਕ 'ਵਿਕਸਤ ਭਾਰਤ' ਬਣਾਉਣ ਦੇ ਰਾਹ ਵਿੱਚ ਇੱਕ ਵੱਡਾ ਮੀਲ ਪੱਥਰ ਦੱਸਿਆ ਹੈ। ਇਸ ਸਮਝੌਤੇ ਤਹਿਤ ਭਾਰਤ ਹੁਣ ਅਮਰੀਕਾ ਤੋਂ 80 ਰੁਪਏ ਪ੍ਰਤੀ ਕਿੱਲੋ ਦੇ ਘੱਟੋ-ਘੱਟ ਦਰਾਮਦ ਮੁੱਲ 'ਤੇ ਸੇਬਾਂ ਦੀ ਖਰੀਦ ਕਰੇਗਾ। ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਫੈਸਲੇ ਨਾਲ ਸਥਾਨਕ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਅਤੇ ਉਨ੍ਹਾਂ ਦੇ ਹਿੱਤਾਂ ਦੀ ਪੂਰੀ ਰਾਖੀ ਕੀਤੀ ਜਾਵੇਗੀ।

ਭਾਰਤ-ਅਮਰੀਕਾ ਸਮਝੌਤਾ ਖੇਤੀ ਲਈ ਤਬਾਹਕੁੰਨ ਹੋਵੇਗਾ : ਸੀ ਪੀ ਆਈ

ਚੰਡੀਗੜ੍ਹ : ਸੀ ਪੀ ਆਈ ਨੇ ਅਮਰੀਕਾ-ਭਾਰਤ ਵਪਾਰ ਸਮਝੌਤੇ ਦਾ ਜ਼ੋਰਦਾਰ ਵਿਰੋਧ ਕਰਦਿਆਂ ਪੰਜਾਬ ਤੇ ਭਾਰਤ ਦੇ ਕਿਸਾਨਾਂ ਵੱਲੋਂ ਇਸ ਵਿਰੁੱਧ ਅੰਦੋਲਨ ਚਲਾਉਣ ਦੇ ਫੈਸਲੇ ਦਾ ਭਰਪੂਰ ਸਮਰਥਨ ਕਰਦਿਆਂ ਅੰਦੋਲਨ ਨੂੰ ਪੂਰਨ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਸ਼ਨੀਵਾਰ ਇਥੇ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਆਖਿਆ ਕਿ ਭਾਰਤ ਸਰਕਾਰ ਨੇ ਇਹ ਸਮਝੌਤਾ ਕਰਕੇ ਭਾਰਤ ਦੀ ਪੇਂਡੂ ਆਰਥਿਕਤਾ ਨੂੰ ਬਰਬਾਦ ਕਰਨ ਵਾਲਾ ਕਦਮ ਚੁੱਕਿਆ ਹੈ। ਉਹਨਾ ਆਖਿਆ ਕਿ ਪਹਿਲਾਂ ਹੀ ਭਾਰਤ ਦੀ ਕਿਸਾਨੀ ਬੁਰੀ ਤਰ੍ਹਾਂ ਆਰਥਿਕ ਸੰਕਟ ਦਾ ਸ਼ਿਕਾਰ ਹੋਈ ਪਈ ਹੈ ਤੇ ਮੋਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਲਈ ਵੀ ਤਿਆਰ ਨਹੀਂ, ਉਸੇ ਵੇਲੇ ਭਾਰਤੀ ਮੰਡੀ ਨੂੰ ਅਮਰੀਕਨ ਖੇਤੀ ਪੈਦਾਵਾਰ ਲਈ ਖੋਲ੍ਹ ਦੇਣਾ ਬਹੁਤ ਹੀ ਮੰਦਭਾਗੀ ਗੱਲ ਹੈ। ਅਮਰੀਕਾ ਦੀ ਵੱਡੀਆਂ ਸਬਸਿਡੀਆਂ ਵਾਲੀ ਸਸਤੀ ਖੇਤੀ ਪੈਦਾਵਾਰ ਸਾਹਮਣੇ ਭਾਰਤ ਖੇਤੀ ਪੈਦਾਵਾਰ ਮੁਕਾਬਲਾ ਨਹੀਂ ਕਰ ਸਕਦੀ।

ਭਾਰਤ ਸਰਕਾਰ ਝੂਠ ਬੋਲ ਰਹੀ ਹੈ, ਜਦੋਂ ਉਸ ਦੇ ਬੁਲਾਰੇ ਦਾਅਵਾ ਕਰਦੇ ਹਨ ਕਿ ਭਾਰਤ ਦੀ ਖੇਤੀ ਤੇ ਡੇਅਰੀ ਸਨਅਤ ਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਜਾਵੇਗੀ ਅਤੇ ਅਜਿਹਾ ਕੋਈ ਸਮਝੌਤਾ ਅਮਰੀਕਾ ਨਾਲ ਕਿਸਾਨ ਵਿਰੋਧੀ ਨਹੀਂ ਕੀਤਾ ਗਿਆ, ਜਦੋਂ ਕਿ ਅਮਰੀਕਨ ਸੈਕਰੇਟਰੀ ਬਰੂਕ ਰੋਲਿਨ ਵਾਰ-ਵਾਰ ਐਲਾਨ ਕਰ ਰਿਹਾ ਹੈ ਕਿ ਭਾਰਤੀ ਮੰਡੀ ਅਮਰੀਕਨ ਖੇਤੀ ਪੈਦਾਵਾਰ ਲਈ ਖੁੱਲ੍ਹ ਗਈ ਹੈ ਅਤੇ ਇਸ ਨਾਲ ਅਮਰੀਕਨ ਕਿਸਾਨਾਂ ਨੂੰ ਬੇਹੱਦ ਫਾਇਦਾ ਪੁੱਜੇਗਾ। ਉਸ ਨੇ ਇਹ ਵੀ ਕਿਹਾ ਕਿ ਟਰੰਪ ਨੇ ਅਮਰੀਕੀ ਕਿਸਾਨਾਂ ਲਈ ਵੱਡੇ ਮੁਨਾਫਿਆਂ ਵਾਸਤੇ ਗਰੰਟੀ ਪ੍ਰਦਾਨ ਕਰ ਦਿਤੀ ਹੈ। ਸਾਥੀ ਬਰਾੜ ਨੇ ਆਖਿਆ ਕਿ ਮੋਦੀ ਸਰਕਾਰ ਇਹਨਾਂ ਅਮਰੀਕੀ ਬਿਆਨਾਂ ਨੂੰ ਝੁਠਲਾਉਂਦੀ ਕਿਉਂ ਨਹੀਂ? ਮੋਦੀ ਸਰਕਾਰ ਇਹ ਕਹਿ ਕੇ ਝੂਠੇ ਦਾਅਵੇ ਕਰ ਰਹੀ ਹੈ ਕਿ ਇਸ ਸਮਝੌਤੇ ਰਾਹੀਂ ਅਮਰੀਕਾ ਵੱਲੋਂ ਲਾਏ ਗਏ 50 ਫੀਸਦੀ ਟੈਰਿਫ ਨੂੰ ਸਿਰਫ 18 ਫੀਸਦੀ ਕਰ ਦਿਤਾ ਹੈ। ਉਹਨਾ ਕਿਹਾ ਕਿ ਅਸਲੀਅਤ ਇਹ ਹੈ ਕਿ ਇਸ ਸਮਝੌਤੇ ਰਾਹੀਂ ਅਮਰੀਕੀ ਚੀਜ਼ਾਂ ਦੇ ਭਾਰਤ ਆਉਣ 'ਤੇ ਭਾਰਤ 0 ਫੀਸਦੀ ਟੈਰਿਫ ਲਗਾਏਗਾ ਅਤੇ ਭਾਰਤੀ ਵਸਤਾਂ ਜਦੋਂ ਅਮਰੀਕਾ ਵਿਚ ਜਾਣਗੀਆਂ ਤਾਂ ਅਮਰੀਕਾ 18 ਫੀਸਦੀ ਟੈਰਿਫ ਲਗਾਏਗਾ। ਇਸ ਡੀਲ ਰਾਹੀਂ ਭਾਰਤੀ ਲੋਕਾਂ ਨੂੰ ਧੋਖੇ ਵਿਚ ਰੱਖਿਆ ਜਾ ਰਿਹਾ ਹੈ। ਉਹਨਾ ਇਸ ਡੀਲ ਨੂੰ ਖਤਮ ਕਰਵਾਉਣ ਲਈ ਪੰਜਾਬੀਆਂ ਨੂੰ ਜ਼ੋਰਦਾਰ ਸਾਂਝੇ ਸੰਘਰਸ਼ ਚਲਉਣ ਦੀ ਅਪੀਲ ਕੀਤੀ ਹੈ।

ਟਰੰਪ ਦੀ ਟੀਮ ਨੇ ਪੀ ਓ ਕੇ ਨੂੰ ਭਾਰਤ ਦਾ ਹਿੱਸਾ ਦਿਖਾਇਆ

ਵਸ਼ਿੰਗਟਨ : ਸਨਿੱਚਰਵਾਰ ਜਿਵੇਂ ਹੀ ਭਾਰਤ ਅਤੇ ਅਮਰੀਕਾ ਨੇ ਇੱਕ ਅੰਤਰਮ ਵਪਾਰ ਸਮਝੌਤੇ ਲਈ ਫਰੇਮਵਰਕ ਦਾ ਐਲਾਨ ਕੀਤਾ, ਅਮਰੀਕੀ ਵਪਾਰ ਪ੍ਰਤੀਨਿਧੀ ਦੇ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਇੱਕ ਨਕਸ਼ੇ ਨੇ ਆਨਲਾਈਨ ਦੁਨੀਆ ਵਿੱਚ ਸਭ ਦਾ ਧਿਆਨ ਖਿੱਚ ਲਿਆ। ਇਸ ਨਕਸ਼ੇ ਵਿੱਚ ਪੂਰੇ ਜੰਮੂ-ਕਸ਼ਮੀਰ ਖੇਤਰ, ਜਿਸ ਵਿੱਚ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ (ਪੀ ਓ ਕੇ) ਵੀ ਸ਼ਾਮਲ ਹੈ, ਨੂੰ ਭਾਰਤ ਦੇ ਹਿੱਸੇ ਵਜੋਂ ਦਿਖਾਇਆ ਗਿਆ ਹੈ, ਨਾਲ ਹੀ ਅਕਸਾਈਚਿਨ ਨੂੰ ਵੀ ਭਾਰਤ ਦਾ ਹਿੱਸਾ ਦਿਖਾਇਆ ਗਿਆ ਹੈ, ਜਿਸ 'ਤੇ ਚੀਨ ਆਪਣਾ ਦਾਅਵਾ ਕਰਦਾ ਹੈ। ਹਾਲਾਂ ਕਿ ਭਾਰਤ ਹਮੇਸ਼ਾ ਇਹ ਕਹਿੰਦਾ ਰਿਹਾ ਹੈ ਕਿ ਜੰਮੂ-ਕਸ਼ਮੀਰ ਦੇਸ਼ ਦਾ ਅਨਿੱਖੜਵਾਂ ਅੰਗ ਹੈ, ਪਰ ਇਹ ਚਿਤਰਣ ਪਿਛਲੇ ਅਮਰੀਕੀ ਨਕਸ਼ਿਆਂ ਨਾਲੋਂ ਵੱਖਰਾ ਹੈ, ਜੋ ਆਮ ਤੌਰ 'ਤੇ ਪੀ ਓ ਕੇ ਨੂੰ ਇੱਕ ਵਿਵਾਦਿਤ ਖੇਤਰ ਵਜੋਂ ਦਿਖਾਉਂਦੇ ਸਨ। ਇਸ ਤਾਜ਼ਾ ਨਕਸ਼ੇ ਨੂੰ ਵਾਸ਼ਿੰਗਟਨ ਦੇ ਰਵੱਈਏ ਵਿੱਚ ਇੱਕ ਸੂਖਮ ਪਰ ਮਹੱਤਵਪੂਰਨ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ। ਅਕਸਾਈਚਿਨ ਨੂੰ ਭਾਰਤ ਦੇ ਹਿੱਸੇ ਵਜੋਂ ਸ਼ਾਮਲ ਕਰਨਾ ਵੀ ਓਨਾ ਹੀ ਮਹੱਤਵਪੂਰਨ ਹੈ। ਚੀਨ ਭਾਰਤ ਦੇ ਇਤਰਾਜ਼ਾਂ ਦੇ ਬਾਵਜੂਦ ਲਗਾਤਾਰ ਇਸ ਖੇਤਰ 'ਤੇ ਆਪਣਾ ਦਾਅਵਾ ਕਰਦਾ ਰਿਹਾ ਹੈ।

ਰਾਜ-ਵਿਆਪੀ ਮਾਪੇ ਵਰਕਸ਼ਾਪ 'ਚ 17.5 ਲੱਖ ਤੋਂ ਵੱਧ ਮਾਪਿਆਂ ਨੇ ਕੀਤੀ ਸ਼ਿਰਕਤ

ਚੰਡੀਗੜ੍ਹ : ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੀ ਮਹੱਤਵਪੂਰਨ ਪਹਿਲ ਤਹਿਤ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਸ਼ਨੀਵਾਰ ਦੂਜੀ ਰਾਜ ਵਿਆਪੀ ਸਕੂਲ-ਪੱਧਰੀ ਪੇਰੈਂਟਸ (ਮਾਪੇ) ਵਰਕਸ਼ਾਪ ਕਰਵਾਈ, ਜਿਸ ਵਿੱਚ 17.50 ਲੱਖ ਤੋਂ ਵੱਧ ਮਾਪੇ ਸ਼ਾਮਲ ਹੋਏ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸ. ਬੈਂਸ ਨੇ ਕਿਹਾ ਕਿ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸ ਸੀ ਈ ਆਰ ਟੀ) ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਮੈਗਾ ਪਹਿਲਕਦਮੀ ਨੇ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੀ ਸ਼ਮੂਲੀਅਤ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ, ਜੋ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਸਹਿਯੋਗੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਮਕਸਦ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਦਿਆਰਥੀਆਂ ਦੇ ਵਿਦਿਅਕ ਸਫ਼ਰ ਵਿੱਚ ਮਾਪਿਆਂ ਨੂੰ ਸਰਗਰਮ ਭਾਈਵਾਲ ਬਣਾਉਣਾ ਹੈ। ਸਿੱਖਿਆ ਮੰਤਰੀ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਸਰਕਾਰੀ ਹਾਈ ਸਕੂਲ, ਮਾਣਕਪੁਰ (ਨੰਗਲ) ਵਿਖੇ ਇਸ ਵਰਕਸ਼ਾਪ ਵਿੱਚ ਸ਼ਮੂਲੀਅਤ ਕਰਦਿਆਂ ਮਾਪਿਆਂ ਤੇ ਸਕੂਲ ਦਰਮਿਆਨ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਨਾਲ ਮਾਪਿਆਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਰਕਸ਼ਾਪ ਦਾ ਉਦੇਸ਼ ਮਾਪਿਆਂ ਨੂੰ ਤਣਾਅ-ਮੁਕਤ ਪ੍ਰੀਖਿਆ ਤਿਆਰੀਆਂ ਸਬੰਧੀ ਰਣਨੀਤੀਆਂ ਨਾਲ ਸਸ਼ਕਤ ਬਣਾਉਣਾ, ਸਕਾਰਾਤਮਕ ਰਵੱਈਏ ਰਾਹੀਂ ਬੱਚਿਆਂ ਦਾ ਵਿਸ਼ਵਾਸ ਵਧਾਉਣਾ ਅਤੇ ਪੰਜਾਬ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ, ਜਿਸ ਵਿੱਚ ਜਲਦ ਪਤਾ ਲਗਾਉਣਾ, ਰੋਕਥਾਮ ਅਤੇ ਸਹਾਇਤਾ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ, ਤਹਿਤ ਨਸ਼ਿਆਂ ਦੀ ਰੋਕਥਾਮ ਬ ਾ ਰ

• ਬਾਕੀ ਸਫਾ 2 'ਤੇ

ਪਾਣੀ ਦੇ ਝਗੜੇ ਕਾਰਨ ਚੱਲੀਆਂ ਗੋਲੀਆਂ 'ਚ 2 ਕਿਸਾਨਾਂ ਦੀ ਮੌਤ

ਮੁਕਤਸਰ : ਇੱਥੋਂ ਦੇ ਗਿੱਦੜਬਾਹਾ ਉਪ-ਮੰਡਲ ਦੇ ਕੋਠੇ ਦਸਮੇਸ਼ ਨਗਰ ਵਿਖੇ ਸ਼ੁੱਕਰਵਾਰ ਰਾਤ ਸਿੰਜਾਈ ਵਾਲੇ ਪਾਣੀ ਦੇ ਖਾਲ ਨੂੰ ਲੈ ਕੇ ਹੋਏ ਹਿੰਸਕ ਝਗੜੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਪੁਲਸ ਅਨੁਸਾਰ ਖਾਲ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਖਾਲ ਨੂੰ ਬੰਦ ਕਰ ਦਿੱਤਾ ਗਿਆ ਸੀ ਅਤੇ ਹੰਗਾਮਾ ਉਦੋਂ ਸ਼ੁਰੂ ਹੋਇਆ, ਜਦੋਂ ਇੱਕ ਧਿਰ ਨੇ ਇਸ ਨੂੰ ਮੁੜ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਦੂਜੀ ਧਿਰ ਨੇ ਵਿਰੋਧ ਕੀਤਾ। ਇਸ ਕਾਰਨ ਹੋਈ ਤਕਰਾਰ ਹਿੰਸਕ ਝੜਪ ਵਿੱਚ ਬਦਲ ਗਈ, ਜਿਸ ਵਿੱਚ ਦੋਵਾਂ ਧਿਰਾਂ ਨੇ ਕਥਿਤ ਤੌਰ 'ਤੇ ਇੱਕ-ਦੂਜੇ 'ਤੇ ਹਮਲਾ ਕਰ ਦਿੱਤਾ। ਪਿੰਡ ਕੋਟ ਭਾਈ ਦੇ ਨਿਰਮਲ ਸਿੰਘ ਅਤੇ ਕੋਠੇ ਦਸਮੇਸ਼ ਨਗਰ ਦੇ ਬਲਜੀਤ ਸਿੰਘ, ਜਿਨ੍ਹਾਂ ਦੀ ਉੱਥੇ ਵਾਹੀਯੋਗ ਜ਼ਮੀਨ ਸੀ, ਦੀ ਮੌਕੇ 'ਤੇ ਹੀ ਮੌਤ ਹੋ ਗਈ।

ਲੱਕੀ ਓਬਰਾਏ ਦਾ ਨੌਕਰ ਕਤਲ ਤੋਂ ਬਾਅਦ ਗਾਇਬ

ਜਲੰਧਰ : ਪੁਲਸ ਬੀਤੇ ਸ਼ੁੱਕਰਵਾਰ ਜਲੰਧਰ ਵਿਚ ਲੱਕੀ ਓਬਰਾਏ ਦੇ ਹੋਏ ਕਤਲ ਦੀ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਲੱਕੀ ਓਬਰਾਏ ਦੀ ਮੌਤ ਤੋਂ ਬਾਰਾਂ ਘੰਟੇ ਬਾਅਦ ਸਿਵਲ ਹਸਪਤਾਲ ਵਿਚ ਤਿੰਨ ਡਾਕਟਰਾਂ ਦੇ ਪੈਨਲ ਦੁਆਰਾ ਪੋਸਟਮਾਰਟਮ ਕੀਤਾ ਗਿਆ। ਡਾ. ਅਰੋੜਾ, ਡਾ. ਬਯਾਤ ਸਿੰਘ ਅਤੇ ਡਾ. ਅਭਿਸ਼ੇਕ ਨੇ ਦੱਸਿਆ ਕਿ ਪੋਸਟਮਾਰਟਮ ਦੌਰਾਨ ਸਰੀਰ ਵਿਚੋਂ ਪੰਜ ਗੋਲੀਆਂ ਕੱਢੀਆਂ ਗਈਆਂ। ਇਕ ਗੋਲੀ ਗਰਦਨ ਦੇ ਸੱਜੇ ਪਾਸੇ, ਦੋ ਪੇਟ ਦੇ ਸੱਜੇ ਪਾਸੇ ਅਤੇ ਦੋ ਛਾਤੀ ਵਿਚ ਮਿਲੀਆਂ।

ਓਬਰਾਏ ਦੇ ਪੋਸਟਮਾਰਟਮ ਵਿਚ ਦੋ ਘੰਟੇ ਤੋਂ ਵੱਧ ਸਮਾਂ ਲੱਗਿਆ। ਪੋਸਟਮਾਰਟਮ ਟੀਮ ਨੇ ਕਿਹਾ ਕਿ ਗੋਲੀਆਂ ਸਰੀਰ ਵਿਚ ਡੂੰਘੀਆਂ ਸਨ, ਜਿਸ ਕਾਰਨ ਉਨ੍ਹਾਂ ਨੂੰ ਕੱਢਣਾ ਮੁਸ਼ਕਲ ਹੋ ਗਿਆ ਸੀ। ਇਸ ਦੌਰਾਨ ਘਰ ਦਾ ਨੌਕਰ ਲਾਪਤਾ ਹੈ ਅਤੇ ਉਸ ਦਾ ਫ਼

ਬਰੌਂਡਵੇ ਸਕੂਲ ਮਨਾਲ 'ਚ ਸੈਮੀਨਾਰ ਕਰਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਬਰੌਂਡਵੇਅ ਪਬਲਿਕ ਸਕੂਲ ਮਨਾਲ ਵਿਖੇ ਵਿਦਿਆਰਥੀਆਂ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਤੇ ਆਪਣੇ ਭਵਿੱਖ ਨੂੰ ਸਹੀ ਦਿਸ਼ਾ ਦੇਣ ਲਈ ਸਕੂਲ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਦੀ ਅਗਵਾਈ ਹੇਠ ਦਸਵੀਂ ਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਜ਼ਿੰਦਗੀ ਅਤੇ ਉਸ ਨਾਲ ਸੰਬੰਧਿਤ ਹੁਨਰ ਵਿਸ਼ੇ ਉੱਤੇ ਕਾਊਂਸਲਿੰਗ ਤੇ ਗਾਈਡੈਂਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਹੀ ਫ਼ੈਸਲੇ ਲੈਣ, ਸਮੇਂ ਦੀ ਮਹੱਤਤਾ, ਆਤਮ-ਵਿਸ਼ਵਾਸ, ਤਣਾਅ ਪ੍ਰਬੰਧਨ, ਕਰੀਅਰ ਚੋਣ ਅਤੇ ਸਕਾਰਾਤਮਕ ਸੋਚ ਵਰਗੇ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਉਦਾਹਰਨਾਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਲਕਸ਼ ਨਿਰਧਾਰਤ ਕਰਨ ਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਿਆ ਕਿਹਾ ਕਿ ਅਕਾਦਮਿਕ ਗਿਆਨ ਦੇ ਨਾਲ-ਨਾਲ ਜੀਵਨ ਹੁਨਰ ਵਿਦਿਆਰਥੀਆਂ ਦੇ ਸੰਤੁਲਿਤ ਅਤੇ ਸਫਲ ਭਵਿੱਖ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਵਿੱਚ ਸੋਚਣ ਅਤੇ ਆਪਣੀ ਸਮਰੱਥਾ ਨੂੰ ਪਛਾਣਨ ਲਈ ਇਸ ਤਰ੍ਹਾਂ ਦੇ ਸੈਮੀਨਾਰਾਂ ਦੀ ਲੋੜ ਉੱਤੇ ਜ਼ੋਰ ਦਿੱਤਾ।ਸੈਮੀਨਾਰ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਸਵਾਲ ਪੁੱਛੇ ਤੇ ਇਹ ਪ੍ਰੋਗਰਾਮ ਨੂੰ ਬਹੁਤ ਹੀ ਲਾਭਦਾਇਕ ਤੇ ਪ੍ਰੇਰਣਾਦਾਇਕ ਰਿਹਾ।

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਦੇਸ਼ ਪੱਧਰੀ ਹੜਤਾਲ ਦੇ ਸਮਰਥਨ ਦਾ ਐਲਾਨ

ਮਾਨਸਾ (ਆਤਮਾ ਸਿੰਘ ਪਮਾਰ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ, ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਐਚ.ਐਸ.ਰਾਣੂ, ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਬਟਾਲਾ ਤੇ ਸੀ.ਆਰ ਸ਼ੰਕਰ, ਦਿਲਦਾਰ ਸਿੰਘ ਚਾਹਲ ਅਤੇ ਜਸਵਿੰਦਰ ਸਿੰਘ ਭੋਗਲ ਨੇ ਕਿਹਾ ਕਿ 12 ਫਰਵਰੀ ਨੂੰ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਮਜ਼ਦੂਰਾਂ , ਕਿਸਾਨਾਂ, ਮੁਲਾਜ਼ਮਾਂ, ਦੁਕਾਨਦਾਰਾਂ ਤੇ ਹਰ ਵਰਗ ਦੇ ਕਿਰਤੀਆਂ ਦੀਆਂ ਮੰਗਾਂ ਸਬੰਧੀ ਦੇਸ਼ ਪੱਧਰੀ ਹੜਤਾਲ ਦੇ ਸੱਦੇ ਦਾ ਪੁਰਜ਼ੋਰ ਸਮਰਥਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ ਦੇ 25 ਕਰੋੜ ਮਜ਼ਦੂਰਾਂ ਦੇ ਹਿੱਤਾਂ ਨਾਲ ਧ੍ਰੋਹ ਕਮਾ ਕੇ ਲਗਾਤਾਰ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਭੁਗਤਿਆ ਜਾ ਰਿਹਾ ਹੈ।ਦੇਸ ਦੇ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਖ਼ਜ਼ਾਨਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਮੁਫ਼ਤ ਦੇ ਭਾਅ ਲੁਟਾ ਰਹੀ ਹੈ।ਪਬਲਿਕ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ।ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ਾਂ ਨੂੰ ਦਬਾਇਆ ਜਾ ਰਿਹਾ ਹੈ।ਦੇਸ਼ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕੁਨਬਾਪ੍ਰਸਤੀ, ਭਾਈ ਭਤੀਜਾਵਾਦ, ਭੁੱਖਮਰੀ ਤੇ ਅਨਪੜ੍ਹਤਾ ਵਰਗੀਆਂ ਅਲਾਮਤਾਂ ਨਾਲ ਜੂਝ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਨੂੰ ਚਾਰ ਕੋਡਾਂ ਵਿੱਚ ਬਦਲਣਾ ਆਊਟ ਸੋਰਸਿੰਗ ਰਾਹੀਂ ਭਰਤੀ ਕਰਨੀ, ਪੈਨਸ਼ਨ ਬਹਾਲੀ ਨਾ ਕਰਨੀ ਨਰੇਗਾ ਕਾਨੂੰਨਾਂ ਵਿੱਚ ਬੇਲੋੜੀਆਂ ਸੋਧਾਂ ਕਰਕੇ ਮਜ਼ਦੂਰ ਜਮਾਤ ਦੇ ਹੱਕੀ ਮੰਗਾਂ ਨਾਲ ਕੀਤੇ ਵਾਅਦਿਆਂ ਤੋਂ ਇਨਕਾਰੀ ਦੀ ਹੋ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਆਊਟ ਸੋਰਸਿੰਗ ਰਾਹੀਂ ਭਰਤੀ ਬੰਦ ਕੀਤੀ ਜਾਵੇ ਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਕਿਰਤ ਕਾਨੂੰਨਾਂ ਵਿੱਚ ਕੀਤੀਆਂ ਬੇਲੋੜੀਆਂ ਸੋਧਾਂ ਰੱਦ ਕੀਤੀਆਂ ਜਾਣ।ਉਨ੍ਹਾਂ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੇਂਦਰੀ ਟਰੇਡ ਯੂਨੀਅਨ ਦੀ ਹੜਤਾਲ ਦੇ ਪਰੋਗੂਰਾਮ ਨੂੰ ਸਫ਼ਲ ਕਰਨ ਲਈ ਆਪਣੇ ਆਪਣੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇ ਤੇ ਭਵਿੱਖੀ ਦਰਪੇਸ਼ ਚਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਰਿਹਾ ਜਾਵੇ।

ਸਲਾਈਟ ਲੌਂਗੋਵਾਲ 'ਚ ਆਰਗੈਨਿਕ ਖੇਤੀ 'ਤੇ ਰਾਸ਼ਟਰੀ ਵਰਕਸ਼ਾਪ ਕਰਾਈ

ਲੌਂਗੋਵਾਲ (ਪ੍ਰਦੀਪ ਸੱਪਲ) ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵੱਲੋਂ ਉੱਨਤ ਭਾਰਤ ਅਭਿਆਨ ਤਹਿਤ ਬਾਬਾ ਫ਼ਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਪ੍ਰੰਪਰਾਗਤ ਤੇ ਆਰਗੈਨਿਕ ਖੇਤੀ ਪ੍ਰਥਾਵਾਂ ਦੇ ਪੁਨਰਤਥਾਨ ਸਬੰਧੀ ਦੂਜੀ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵਰਕਸ਼ਾਪ ਦੀ ਸੰਖੇਪ ਰੂਪਰੇਖਾ ਡਾ. ਪਰਦੀਪ ਕੁਮਾਰ ਜੈਨ ਵੱਲੋਂ ਪੇਸ਼ ਕੀਤੀ ਗਈ।ਮੁੱਖ ਮਹਿਮਾਨ ਪ੍ਰੋ. ਮਣੀਕਾਂਤ ਪਾਸਵਾਨ, ਡਾਇਰੈਕਟਰ ਸਲਾਈਟ ਨੇ ਕਿਹਾ ਕਿ ਸੰਸਥਾ ਰਾਸ਼ਟਰੀ ਖੇਤੀਬਾੜੀ ਪਹਿਲਕਦਮੀਆਂ ਦੇ ਅਨੁਕੂਲ ਕੰਮ ਕਰ ਰਿਹਾ ਹੈ ਤੇ ਲੰਬੇ ਸਮੇਂ ਦੇ ਵਾਤਾਵਰਣ ਸੁਰੱਖਿਆ ਤੇ ਕਿਸਾਨਾਂ ਦੀ ਭਲਾਈ ਲਈ ਟਿਕਾਊ ਅਤੇ ਜੈਵਿਕ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।ਆਪਣੇ ਭਾਸ਼ਣ ਵਿੱਚ ਪ੍ਰਸਿੱਧ ਖੁਰਾਕ ਅਤੇ ਵਪਾਰ ਨੀਤੀ ਵਿਸ਼ਲੇਸ਼ਕ ਡਾ. ਦਵਿੰਦਰ ਸ਼ਰਮਾ ਨੇ ਲੋਕਾਂ ਨੂੰ ਕਿਸਾਨ-ਅਨੁਕੂਲ ਤੇ ਰਸਾਇਣ-ਮੁਕਤ ਖੇਤੀਬਾੜੀ ਵੱਲ ਵਿਅਕਤੀਗਤ ਅਤੇ ਭਾਈਚਾਰਕ ਪੱਧਰ 'ਤੇ ਪਹਿਲਾ ਕਦਮ ਚੁੱਕਣ ਦੀ ਅਪੀਲ ਕੀਤੀ।ਸ਼੍ਰੀ ਕੇ.ਈ. ਰਾਘਵਨ ਨੇ ਗਾਂ ਅਧਾਰਤ ਖੇਤੀ ਨੂੰ ਟਿਕਾਊ ਅਰਥਵਿਵਸਥਾ ਲਈ ਲਾਭਕਾਰੀ ਦੱਸਿਆ, ਜਦਕਿ ਸ਼੍ਰੀ ਵਿਸ਼ਵਜੀਤ ਸਿੰਘ ਜਿਆਨੀ ਨੇ ਆਰਗੈਨਿਕ ਖੇਤੀ ਦੇ ਪ੍ਰਯੋਗਾਤਮਕ ਤਜਰਬੇ ਸਾਂਝੇ ਕੀਤੇ।ਸ਼੍ਰੀ ਕਮਲਜੀਤ ਸਿੰਘ ਨੇ ਸਥਾਨਕ ਕਿਸਾਨਾਂ ਲਈ ਦਿੱਤੇ ਗਏ ਸੰਸਥਾਗਤ ਸਹਿਯੋਗ ਲਈ ਡਾਇਰੈਕਟਰ ਪ੍ਰੋ. ਮਣੀਕਾਂਤ ਪਾਸਵਾਨ ਦਾ ਧੰਨਵਾਦ ਕੀਤਾ।

ਸਫਾ 1 ਦੇ ਬਾਕੀ...

ਮਜ਼ਦੂਰ ਸੁਲੱਖਣ ਸਿੰਘ...

ਵਰਗੀ ਪਰਿਵਾਰਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।ਯੋਜਨਾ ਦੀ ਸਫ਼ਲਤਾ ਦਾ ਜਿਉਂਦਾ-ਜਾਗਦਾ ਸਬੂਤ ਦਿੰਦਿਆਂ ਧਾਲੀਵਾਲ ਨੇ ਗੁਰਦਾਸਪੁਰ ਦੇ ਪਿੰਡ ਗੁਰਦਾਸਨੰਗਲ ਨਿਵਾਸੀ ਸੁਲੱਖਣ ਸਿੰਘ ਦੀ ਮਿਸਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਦਿਹਾੜੀਦਾਰ ਸੁਲੱਖਣ ਸਿੰਘ ਅਚਾਨਕ ਦਿਲ ਦੀ ਗੰਭੀਰ ਬਿਮਾਰੀ ਦੀ ਲਪੇਟ ਵਿੱਚ ਆ ਗਏ ਸਨ, ਜਿਸ ਦੇ ਇਲਾਜ ਦਾ ਖ਼ਰਚਾ ਡਾਕਟਰਾਂ ਨੇ ਕਰੀਬ 3 ਲੱਖ ਰੁਪਏ ਦੱਸਿਆ ਸੀ। ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮਹਿਜ਼ ਇੱਕ ਦਿਨ ਵਿੱਚ ਉਨ੍ਹਾਂ ਦਾ ਹੈਲਥ ਕਾਰਡ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਬਿਨਾਂ ਇੱਕ ਵੀ ਪੈਸਾ ਖ਼ਰਚ ਕੀਤੇ ਉਨ੍ਹਾਂ ਦੇ ਦਿਲ ਦਾ ਸਫ਼ਲ ਆਪ੍ਰੇਸ਼ਨ ਹੋਇਆ ਅਤੇ ਸਟੈਂਟ ਪਾਏ ਗਏ। ਧਾਲੀਵਾਲ ਨੇ ਕਿਹਾ ਕਿ ਸੁਲੱਖਣ ਸਿੰਘ ਦਾ ਸਿਹਤਮੰਦ ਹੋ ਕੇ ਘਰ ਪਰਤਣਾ ਉਨ੍ਹਾਂ ਵਿਰੋਧੀਆਂ ਨੂੰ ਕਰਾਰਾ ਜਵਾਬ ਹੈ ਜੋ ਸਰਕਾਰ ਦੀਆਂ ਨੀਤੀਆਂ ਨੂੰ ਸਿਰਫ਼ 'ਜੁਮਲੇਬਾਜ਼ੀ' ਕਰਾਰ ਦਿੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਏਜੰਡਾ ਸਿੱਖਿਆ ਅਤੇ ਸਿਹਤ ਦੇ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਦੋਵਾਂ ਖੇਤਰਾਂ ਵਿੱਚ ਨਿਵੇਸ਼ ਕਰਕੇ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਮਜ਼ਬੂਤ ਅਤੇ ਸੁਰੱਖਿਅਤ ਭਵਿੱਖ ਤਿਆਰ ਕਰ ਰਹੀ ਹੈ।

ਰਾਜ ਵਿਆਪੀ ਮਾਪੇ ਵਰਕਸ਼ਾਪ...

ਜਾਗਰੂਕਤਾ ਪੈਦਾ ਕਰਨਾ ਸੀ।ਉਨ੍ਹਾਂ ਅੱਗੇ ਕਿਹਾ ਕਿ ਕੈਬਨਿਟ ਮੰਤਰੀਆਂ ਡਾ. ਬਲਜੀਤ ਕੌਰ, ਸ੍ਰੀ ਲਾਲਚੰਦ ਕਟਾਰੂਚੱਕ, ਸ. ਤਰੁਨਪ੍ਰੀਤ ਸਿੰਘ ਸੌਂਦ ਅਤੇ ਸ. ਹਰਦੀਪ ਸਿੰਘ ਮੁੰਡੀਆਂ ਅਤੇ 40 ਤੋਂ ਵੱਧ ਵਿਧਾਇਕਾਂ ਨੇ ਆਪਣੇ-ਆਪਣੇ ਹਲਕਿਆਂ ਵਿੱਚ ਇਨ੍ਹਾਂ ਵਰਕਸ਼ਾਪਾਂ 'ਚ ਸ਼ਮੂਲੀਅਤ ਕਰਦਿਆਂ ਸਿੱਖਿਆ ਪ੍ਰਣਾਲੀ ਦੀ ਮਜ਼ਬੂਤੀ ਅਤੇ ਸਮਰਥਨ ਪ੍ਰਤੀ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਸ.ਬੈਂਸ ਨੇ ਕਿਹਾ ਕਿ ਦਸੰਬਰ 2025 ਵਿੱਚ ਕਰਵਾਈ ਗਈ ਪਹਿਲੀ ਵਰਕਸ਼ਾਪ ਦੀ ਸ਼ਾਨਦਾਰ ਸਫ਼ਲਤਾ ਦੇ ਆਧਾਰ 'ਤੇ ਅੱਜ ਕਰਵਾਈ ਗਈ ਇਸ ਦੂਜੀ ਵਰਕਸ਼ਾਪ ਨੇ ਸਕੂਲਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਰਮਿਆਨ ਇੱਕ ਮਜ਼ਬੂਤ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ, ਜਿਸ ਦੌਰਾਨ ਮਾਪਿਆਂ ਨੂੰ ਆਪਣੇ ਬੱਚੇ ਦੀ ਅਕਾਦਮਿਕ ਪ੍ਰਗਤੀ ਬਾਰੇ ਜਾਣਨ ਦੀ ਇੱਛਾ ਰੱਖਣ ਅਤੇ ਹੋਮ ਲਰਨਿੰਗ ਦੇ ਸਮਰਥਨ ਬਾਰੇ ਜਾਗਰੂਕ ਕੀਤਾ ਗਿਆ।

ਬੱਬਰ ਅਕਾਲੀ ਲਹਿਰ ...

ਦਾ ਵੀ ਫੈਸਲਾ ਲਿਆ ਗਿਆ। ਮੀਟਿੰਗ ਦਾ ਆਗਾਜ਼ ਨਾਟਕਕਾਰ ਜਤਿੰਦਰ ਬਰਾੜ, ਗੁਰਨਾਮ ਸਿੰਘ ਗਿੱਲ, ਜਸਪਾਲ ਸਿੰਘ ਢਿੱਲੋਂ, ਹਰਭਜਨ ਸਿੰਘ ਮਲਸੀਆਂ, ਐਡਵੋਕੇਟ ਸੌਰਵ ਸ਼ਰਮਾ ਮਲਸੀਆਂ, ਮਹਿੰਦਰ ਕੌਰ ਧੀਮਾਨ, ਬਚਨ ਕੌਰ ਬਿਲਗਾ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਟ ਕਰਨ ਨਾਲ ਹੋਇਆ।

ਮੀਟਿੰਗ 'ਚ ਲਏ ਫੈਸਲਿਆਂ ਸੰਬੰਧੀ ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।

20 ਹਜ਼ਾਰ ਦਾ ਉਧਾਰ...

ਵਿਅਕਤੀ ਨੂੰ 20,000 ਰੁਪਏ ਨਕਦ ਮੋੜਨੇ ਸਨ, ਜੋ ਉਸ ਨੇ ਆਪਣੇ ਪਿਤਾ ਦੇ ਇਲਾਜ ਲਈ ਉਧਾਰ ਲਏ ਸਨ। ਉਹ ਔਰਤ ਦੀ ਹੱਤਿਆ ਕਰਨ ਉਪਰੰਤ ਉਸ ਦੀ ਅਲਮਾਰੀ ਵਿੱਚੋਂ ਉਸ ਦਾ ਪਰਸ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ ਸੀ।

ਵਿਜੈਪਾਲ ਵਾਤਾਵਰਣ ਦੀ ਸਾਂਭ-ਸੰਭਾਲ ਨਾਲ ਜੁੜੀਆਂ ਗਤੀਵਿਧੀਆਂ ਲਈ ਸਨਮਾਨਤ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਮਾਰਗਦਰਸ਼ਨ ਹੇਠ ਸਿਖਿਆ ਦੇ ਖੇਤਰ ਨੂੰ ਨਵੀਂ ਦਿਸ਼ਾ ਦੇਣ ਅਤੇ ਉਚਾਈਆਂ ਵੱਲ ਲਿਜਾਉਣ ਦੀ ਲੜੀ ਵਿਚ ਫਾਜ਼ਿਲਕਾ ਜ਼ਿਲ੍ਹੇ ਵਿਚ ਗਰੀਨ ਸਕੂਲ ਪ੍ਰੋਗਰਾਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਲਈ ਇਸ ਪ੍ਰੋਗਰਾਮ ਦੇ ਪ੍ਰੋਜੈਕਟ ਕੋਆਰਡੀਨੇਟਰ ਵਿਜੈ ਪਾਲ ਨੂੰ ਕੌਮੀ ਪੱਧਰ 'ਤੇ ਹੋਈ ਸਮਾਗਮ ਦੌਰਾਨ ਵਿਸੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਹੈ।ਆਪਣੀ ਇਸੇ ਪ੍ਰਾਪਤੀ ਨੂੰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ) ਅਜੈ ਸ਼ਰਮਾ ਅਤੇ ਜ਼ਿਲ੍ਹਾ ਸਿਖਿਆ ਅਫਸਰ (ਪ੍ਰਾਇਮਰੀ) ਸਤੀਸ਼ ਕੁਮਾਰ ਅਤੇ ਸਟੇਟ ਪੱਧਰ ਤੋਂ ਕੁਲਬੀਰ ਸਿੰਘ ਬਾਠ ਸੰਯੁਕਤ ਡਾਇਰੈਕਟਰ, ਸਾਇੰਸ ਤੇ ਵਾਤਾਵਰਨ ਆਊਟਰਿਚ ਪ੍ਰੋਗਰਾਮ ਅਤੇ ਮੈਡਮ ਮੰਦਾਕਨੀ ਨੇ ਕੁਸ਼ਲ ਮਾਰਗਦਰਸ਼ਨ ਨੂੰ ਸਮਰਪਿਤ ਕਰਦਿਆਂ ਵਿਜੈ ਪਾਲ ਨੇ ਕਿਹਾ ਕਿ ਇਸ ਲਈ ਜ਼ਿਲ੍ਹੇ ਦੇ ਉਨ੍ਹਾਂ ਸਾਰੇ ਸਕੂਲਾਂ ਦਾ ਵੀ ਉਹ ਧੰਨਵਾਦ ਕਰਦੇ ਹਨ ਜਿਨ੍ਹਾ ਨੇ ਇਸ ਪ੍ਰੋਗਰਾਮ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ।ਜ਼ਿਲ੍ਹਾ ਫਾਜ਼ਿਲਕਾ ਦੇ 11 ਸਕੂਲਾਂ ਨੂੰ ਕੌਮੀ ਪੱਧਰ 'ਤੇ ਗ੍ਰੀਨ ਸਕੂਲ ਵਜੋਂ ਐਵਾਰਡ ਮਿਲਿਆ ਹੈ ਜੋ ਕਿ ਫਾਜ਼ਿਲਕਾ ਵਾਸੀਆਂ ਲਈ ਮਾਣ ਵਾਲੀ ਗੱਲ ਹੈ।ਵਾਤਾਵਰਨ ਪ੍ਰੋਗਰਾਮ ਦੇ ਜ਼ਿਲ੍ਹਾ ਕੁਆਰਡੀਨੇਟਰ ਵਿਜੈ ਪਾਲ ਨੂੰ ਉਨ੍ਹਾਂ ਦੇ ਇਸ ਪ੍ਰੋਗਰਾਮ ਵਿਚ ਯੋਗਦਾਨ, ਇਸ ਨੂੰ ਜ਼ਿਲ੍ਹੇ ਵਿਚ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਵਾਉਣ ਅਤੇ ਇਸ ਲਈ ਜ਼ਿਲ੍ਹੇ ਤੋਂ ਜ਼ਿਆਦਾ ਤੋਂ ਜ਼ਿਆਦਾ ਅਤੇ ਸਮੇਂ ਸਿਰ ਭਾਗੀਦਾਰੀ ਯਕੀਨੀ ਬਣਾਉਣ ਲਈ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵੱਲੋਂ ਇਹ ਸਨਮਾਨ ਪੱਤਰ ਦਿੱਤਾ ਗਿਆ ਹੈ।ਇਹ ਸਮਾਗਮ ਇੰਡੀਆ ਹੈਬੀਟੈਟ ਸੈਂਟਰ ਨਵੀ ਦਿੱਲੀ ਦੇ ਆਡੀਟੋਰੀਅਮ ਹਾਲ ਵਿਖੇ ਕਰਵਾਇਆ ਗਿਆ।

ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਅਥਲੈਟਿਕ ਮੀਟ ਆਯੋਜਿਤ

ਲਹਿਰਾ ਮੁਹੱਬਤ, (ਭੀਮਸੈਨਹਦਵਾਰੀਆ)

ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਰਹਿਨੁਮਾਈ ਵਿੱਚ ਜਸਵਿੰਦਰ ਸਿੰਘ ਡੀ.ਪੀ.ਈ.ਤੇ ਸੁਖਜੀਤ ਕੌਰ ਪੀ.ਟੀ.ਆਈ.ਦੀ ਅਗਵਾਈ ਹੇਠ ਸਲਾਨਾ ਐਥਲੈਟਿਕ ਮੀਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਸ਼ੁਰੂਆਤ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਤੇ ਐੱਸ.ਐੱਮ.ਸੀ. ਚੇਅਰਪਰਸਨ ਸੁਮਨਪ੍ਰੀਤ ਕੌਰ ਦੁਆਰਾ ਅਸਮਾਨ ਵਿੱਚ ਗੁਬਾਰੇ ਛੱਡ ਕੇ ਕੀਤੀ ਗਈ। ਸਾਰੇ ਵਿਦਿਆਰਥੀਆਂ ਨੇ ਪਹਿਲਾਂ ਹਾਊਸ ਅਨੁਸਾਰ ਮਾਰਚ ਪਾਸਟ ਕੀਤਾ ਤੇ ਬਾਅਦ 'ਚ ਇਨ੍ਹਾਂ ਦੇ ਅੰਤਰ ਹਾਊਸ ਮੁਕਾਬਲੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-14, ਅੰਡਰ-17 ਤੇ ਅੰਡਰ-19 ਦੇ ਲੜਕੇ ਤੇ ਲੜਕੀਆਂ ਨੇ ਰੇਸ 100 ਮੀ:, 200 ਮੀ:,

8 Feb Page 3.qxd 2/7/2026 10:18 PM Page 1

2 ਕਿੱਲੋ 489 ਗ੍ਰਾਮ ਹੈਰੋਇਨ ਸਮੇਤ ਦੋ ਜਣੇ ਗ੍ਰਿਫ਼ਤਾਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਖਾਲੜਾ ਪੁਲਸ ਤੇ ਬੀਐੱਸਐੱਫ਼ ਨੇ ਸਰਹੱਦ ਪਾਰੋਂ ਚੱਲ ਰਹੇ ਡਰੱਗ

ਮਾਡਿਊਲ ਦਾ ਭਾਂਡਾ ਭੰਨਦਿਆਂ ਦੋ ਜਣਿਆਂ ਨੂੰ 2 ਕਿੱਲੋ 489 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ।ਫੜੇ ਗਏ ਮੁਲਜ਼ਮਾਂ ਦੀ ਪਛਾਣ ਗੁਰਵਿੰਦਰ ਸਿੰਘ ਪੁੱਤਰ ਮੱਘਰ ਸਿੰਘ ਅਤੇ ਨਵਜੋਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਰਾਜੋਕੇ ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ ਇਨ੍ਹਾਂ ਦੋਵਾਂ ਜਣਿਆਂ ਪਾਸੋਂ ਹੈਰੋਇਨ ਤੋਂ ਇਲਾਵਾ ਦੋ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ, ਜੋ ਪਾਕਿਸਤਾਨ ਤੋਂ ਨਸ਼ੇ ਦੀ ਸਪਲਾਈ ਮੰਗਵਾਉਣ ਲਈ ਵਰਤੇ ਜਾ ਰਹੇ ਸਨ।ਪ੍ਰੈੱਸ ਨਾਲ ਸਾਂਝੀ ਕੀਤੀ ਜਾਣਕਾਰੀ 'ਚ ਡੀਐੱਸਪੀ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਰਵਿੰਦਰ ਸਿੰਘ ਅਤੇ ਨਵਜੋਤ ਸਿੰਘ ਨਾਮਕ ਨੌਜਵਾਨਾਂ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸੰਬੰਧ ਹੋਣ ਸੰਬੰਧੀ ਗੁਪਤ ਸੂਚਨਾ ਪ੍ਰਾਪਤ ਹੋਈ ਸੀ।ਇਹ ਨੌਜਵਾਨ ਡਰੋਨ ਰਾਹੀਂ ਸਰਹੱਦ ਪਾਰੋਂ ਨਸ਼ੇ ਦੀਆਂ ਖੇਪਾਂ ਮੰਗਵਾ ਕੇ ਅੱਗੇ ਸਪਲਾਈ ਕਰਦੇ ਸਨ।ਉਨ੍ਹਾਂ ਕੋਲ ਪਹੁੰਚੀ ਤਾਜ਼ਾ ਜਾਣਕਾਰੀ ਅਨੁਸਾਰ ਪਿੰਡ ਰਾਜੋਕੇ ਦੇ ਇਲਾਕੇ ਵਿੱਚ ਪਾਕਿਸਤਾਨ ਤੋਂ ਡਰੋਨ ਆਇਆ ਸੀ।ਸੂਚਨਾ ਮਿਲਣ ਤੋਂ ਤੁਰੰਤ ਬਾਅਦ ਬੀਐੱਸਐੱਫ਼ ਅਤੇ ਖਾਲੜਾ ਪੁਲਸ ਨੇ ਏਡੀਐੱਸ ਅਪਰੇਟਰ ਵੱਲੋਂ ਭੇਜੀ ਗਈ ਲੋਕੇਸ਼ਨ 'ਤੇ ਤਲਾਸ਼ੀ ਅਭਿਆਨ ਚਲਾਇਆ। ਇਸ ਦੌਰਾਨ ਟੀਮ ਨੂੰ ਘਰ ਦੇ ਤੂੜੀ ਵਾਲੇ ਕਮਰੇ ਵਿੱਚੋਂ ਚਾਰ ਪੀਲੇ ਰੰਗ ਦੇ ਪੈਕੇਟ ਬਰਾਮਦ ਹੋਏ ਜਿਨ੍ਹਾਂ ਵਿੱਚੋਂ 2 ਕਿੱਲੋ 489 ਗ੍ਰਾਮ ਹੈਰੋਇਨ ਬਰਾਮਦ ਹੋਈ।ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਥਾਣਾ ਖਾਲੜਾ ਵਿਖੇ ਐੱਫਆਈਆਰ ਨੰਬਰ 33 ਜੁਰਮ 21ਸੀ,61,85 ਐੱਨਡੀਪੀਐੱਸ ਐਕਟ ਤੇ 25,26,29 ਇੰਡੀਅਨ ਏਅਰਕਰਾਫਟ ਐਕਟ 2024 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਧਾਲੀਵਾਲ ਨੇ 14.75 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੰਪਰਕ ਸੜਕਾਂ ਦੇ ਨੀਂਹ ਪੱਥਰ ਰੱਖੇ

ਅਜਨਾਲਾ/ਅੰਮ੍ਰਿਤਸਰ, (ਸੁਖਤਿੰਦਰ ਸਿੰਘ ਰਾਜੂ)- ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ

ਧਾਲੀਵਾਲ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਸੰਪਰਕ ਸੜਕਾਂ ਨੂੰ ਅਪਗਰੇਡ ਕਰਨ ਦੇ ਨੀਂਹ ਪੱਥਰ ਰੱਖੇ ਗਏ। ਪੰਜਾਬ ਮੰਡੀ ਬੋਰਡ ਵੱਲੋਂ ਇਨ੍ਹਾਂ ਸੰਪਰਕ ਨੂੰ ਅਪਗਰੇਡ ਕਰਨ ਉਪਰ 14.75 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਸੰਪਰਕ ਸੜਕਾਂ ਨੂੰ ਅਪਗਰੇਡ ਕਰਨ ਦੇ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਅਜਨਾਲਾ ਦੇ ਪਿੰਡ ਭਲਾ ਪਿੰਡ ਤੋਂ ਧਾਰੀਵਾਲ ਚਮਿਆਰੀ ਤੋਂ ਭੂਰੇ ਗਿੱਲ, ਦਿਆਲਪੁਰਾ, ਨਾਨਕੇ ਤੋਂ ਸੁਧਾਰ ਤੱਕ 13.57 ਕਿਲੋਮੀਟਰ ਲੰਬੀ ਸੜਕ ਉਪਰ 1280.87 ਲੱਖ ਰੁਪਏ, ਗੱਗੋਮਾਹਲ ਚਮਿਆਰੀ ਰੋਡ ਤੋਂ ਸੋਨੂੰ ਦੇ ਡੇਰੇ ਦੀ ਸੜਕ 0.50 ਲੰਬੀ ਸੜਕ ਉਪਰ 26.47 ਲੱਖ ਰੁਪਏ, ਅਜਨਾਲਾ ਰਮਦਾਸ ਰੋਡ ਤੋਂ ਕੋਟਲੀ ਜਮੀਤ ਸਿੰਘ ਤੱਕ 1.15 ਲੰਬੀ ਸੜਕ ਉਪਰ 25.11 ਲੱਖ ਰੁਪਏ, ਰੂੜੇਵਾਲ ਤੋਂ ਕੱਤਲੇ ਤੱਕ 1.33 ਲੰਬੀ ਸੜਕ ਉਪਰ 27.38 ਲੱਖ ਰੁਪਏ, ਪੰਡ ਕੋਟ ਗੁਰਬਖਸ਼ ਦੀ 0.85 ਕਿਲੋਮੀਟਰ ਲੰਬੀ ਫਿਰਨੀ ਉੱਪਰ 38.25 ਲੱਖ ਰੁਪਏ, ਪਿੰਡ ਮੱਧੂਛਾਂਗਾ ਦੀ 0.50 ਲੰਬੀ ਫਿਰਨੀ ਉਪਰ 38.25 ਲੱਖ ਰੁਪਏ ਅਤੇ ਪਿੰਡ ਬੋਹੜਾਂਵਾਲਾ ਦੀ 1.20 ਲੰਬੀ ਫਿਰਨੀ ਉੱਪਰ 38.25 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਸੰਪਰਕਾਂ ਸੜਕਾਂ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਜਲਦੀ ਹੀ ਇਸ ਪ੍ਰੋਜੈਕਟ ਨੂੰ ਪੂਰਾ ਕਰ ਲਿਆ ਜਾਵੇਗਾ। ਸ. ਧਾਲੀਵਾਲ ਨੇ ਕਿਹਾ ਕਿ ਬੀਤੇ ਸਾਲ ਹੜ੍ਹਾਂ ਕਾਰਨ ਵੀ ਹਲਕਾ ਅਜਨਾਲਾ ਦੇ ਕਈ ਪਿੰਡਾਂ ਵਿੱਚ ਬਹੁਤ ਨੁਕਸਾਨ ਹੋਇਆ ਹੈ, ਸੜਕਾਂ, ਫਿਰਨੀ ਰੁੜ੍ਹ ਗਈਆਂ ਸਨ ਅਤੇ ਹੋਰ ਵੀ ਨੁਕਸਾਨ ਝੱਲਣਾ ਪਿਆ ਹੈ।ਉਨ੍ਹਾਂ ਕਿਹਾ ਕਿ ਇਸ ਸਭ ਦੀ ਭਰਪਾਈ ਲਈ ਵੀ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਸਾਲ 2026 ਨੂੰ ਵਿਕਾਸ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਇਸ ਸਾਲ ਹਲਕੇ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।

ਕਿਸਾਨ ਆਗੂਆਂ ਵੱਲੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਯਾਤਰਾ ਆਰੰਭ

ਧਾਰੀਵਾਲ, (ਮਨਦੀਪ ਵਿੱਕੀ)- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਯਾਤਰਾ ਦੀ ਆਰੰਭਤਾ ਹੋਈ ਜਿਸ ਵਿੱਚ ਪੂਰੇ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਿਤ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।ਇਸ ਯਾਤਰਾ ਵਿੱਚ ਪੰਜਾਬ ਤੋਂ ਲੋਕ ਇਨਸਾਫ ਮੋਰਚਾ ਪੰਜਾਬ ਦੇ ਪ੍ਰਧਾਨ ਸੋਨੂੰ ਔਲੇਖ ਨੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ।ਉਨ੍ਹਾਂ (ਸੋਨੂੰ ਔਲੇਖ) ਨੇ ਫ਼ੋਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਯਾਤਰਾ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਜਾਵੇਗੀ ਜਿਸ ਦੌਰਾਨ ਹਰ ਸਟੇਟ ਵਿੱਚ ਵੱਡੀਆਂ ਮਹਾ ਪੰਚਾਇਤਾਂ ਹੋਣਗੀਆਂ ਅਤੇ ਕਿਸਾਨਾਂ ਨੂੰ ਐੱਮਐੱਸਪੀ ਗਰੰਟੀ ਕਾਨੂੰਨ, ਕਿਸਾਨਾਂ ਦੀ ਕਰਜ਼ਾ ਮੁਕਤੀ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਾਉਣ ਬਾਰੇ ਜਾਗਰਿਤ ਕੀਤਾ ਜਾਵੇਗਾ।ਇਸ ਮੌਕੇ ਪੰਜਾਬ ਤੋਂ ਉਨ੍ਹਾਂ ਦੇ ਨਾਲ ਖਜ਼ਾਨਚੀ ਗੁਰਪ੍ਰੀਤ ਸਿੰਘ ਗੋਪੀ, ਸੀਨੀਅਰ ਮੀਤ ਪ੍ਰਧਾਨ ਤੇਜਿੰਦਰ ਸਿੰਘ ਬਾਊ ਵੀ ਮੌਜੂਦ ਰਹੇ।

ਚਾਰ ਕਿਰਤ ਕੋਡਾਂ ਨੂੰ ਰੱਦ ਕਰਕੇ ਮੁੜ 44 ਕਿਰਤ ਕਾਨੂੰਨਾਂ ਨੂੰ ਬਹਾਲ ਕਰਨ ਦੀ ਮੰਗ

ਬਟਾਲਾ (ਤਰਲੋਕ ਬੱਗਾ)- ਫੈਜ਼ਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ 12 ਫਰਵਰੀ ਦੀ ਹੜਤਾਲ ਦੀ ਤਿਆਰੀ ਸਬੰਧੀ ਏਟਕ, ਸੀਟੀਯੂ, ਸੀਟੂ ਅਤੇ ਏਕਟੂ ਸਮੇਤ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਹੰਸਾ ਸਿੰਘ ਗੌਸਪੁਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਬੰਧੀ ਆਪਣੇ ਵਿਚਾਰ ਰੱਖਦਿਆਂ ਮਜ਼ਦੂਰ ਅਤੇ ਕਿਸਾਨ ਆਗੂ ਜਰਨੈਲ ਸਿੰਘ, ਰਘਬੀਰ ਸਿੰਘ ਪਕੀਵਾਂ, ਜਨਕ ਰਾਜ ਅਤੇ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ 12 ਫਰਵਰੀ ਦੀ ਹੜਤਾਲ ਵਿੱਚ ਫੈਕਟਰੀ, ਮਨਰੇਗਾ, ਪੇਂਡੂ ਮਜ਼ਦੂਰ, ਭੱਠਾ ਮਜ਼ਦੂਰ ਅਤੇ ਵੱਖ-ਵੱਖ ਮਹਿਕਮਿਆਂ ਦੇ ਮੁਲਾਜ਼ਮ ਅਤੇ ਕਿਸਾਨ ਭਰਵੀ ਗਿਣਤੀ ਵਿੱਚ ਹਿੱਸਾ ਲੈਣਗੇ ਅਤੇ ਇਸ ਦਿਨ ਮੰਗ ਕੀਤੀ ਜਾਵੇਗੀ ਕਿ ਮੋਦੀ ਸਰਕਾਰ ਚਾਰ ਕਿਰਤ ਕੋਡਾਂ ਨੂੰ ਰੱਦ ਕਰਕੇ ਦੁਬਾਰਾ 44 ਕਿਰਤ ਕਾਨੂੰਨਾਂ ਨੂੰ ਬਹਾਲ ਕਰੇ ਕਿਉਂਕਿ ਇਨ੍ਹਾਂ ਕਿਰਤ ਕੋਡਾਂ ਵਿੱਚ 150 ਸਾਲ ਪਹਿਲਾਂ ਪ੍ਰਾਪਤ ਕੀਤੀ ਗਈ ਅੱਠ ਘੰਟੇ ਦੀ ਦਿਹਾੜੀ ਨੂੰ 12 ਘੰਟੇ ਦੀ ਦਿਹਾੜੀ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਮਜ਼ਦੂਰਾਂ ਦੀਆਂ ਈਐੱਸਆਈ, ਪ੍ਰੋਵੀਡੈਂਟ ਫੰਡ, ਹਾਜ਼ਰੀ,

ਬੋਨਸ ਅਤੇ ਸਰਵਿਸ ਆਦਿ ਦੀਆਂ ਸਹੂਲਤਾਂ ਨੂੰ ਮਿਨੀਮਾਈਜ਼ ਕੀਤਾ ਜਾ ਰਿਹਾ ਹੈ ਜੋ ਕਿਸੇ ਤਰ੍ਹਾਂ ਵੀ ਕਿਰਤੀਆਂ ਦੇ ਹੱਕ ਦਾ ਵਰਤਾਰਾ ਨਹੀਂ ਹੈ।ਇਹ ਵੀ ਕਿਹਾ ਗਿਆ ਕਿ ਅਮਰੀਕਾ ਅਤੇ ਭਾਰਤ ਸਰਕਾਰ ਦੌਰਾਨ ਜੋ ਟਰੇਡ ਸਮਝੌਤਾ ਹੋਇਆ ਹੈ ਇਸ ਨੂੰ ਰੱਦ ਕੀਤਾ ਜਾਵੇ ਕਿਉਂਕਿ ਇਹ ਸਮਝੌਤਾ ਸਿੱਧੇ ਤੌਰ 'ਤੇ ਪੰਜਾਬ ਤੇ ਦੇਸ਼ ਦੀ ਕਿਸਾਨੀ ਨੂੰ ਬਰਬਾਦ ਕਰ ਦੇਵੇਗਾ ਅਤੇ ਭਾਰਤ ਦਾ ਬਾਜ਼ਾਰ ਪੂਰੀ ਤਰਾਂ ਅਮਰੀਕਾ ਪੂੰਜੀਪਤੀਆਂ ਅਤੇ ਧਨਾਢਾਂ ਦੇ ਕੰਟਰੋਲ ਵਿੱਚ ਚਲਾ ਜਾਏਗਾ। ਇਸ ਸਮਝੌਤੇ ਤਹਿਤ ਅਮਰੀਕਾ ਭਾਰਤੀ ਵਸਤਾਂ ਉਪਰ 18% ਕਰ ਲਾਵੇਗਾ ਜਦੋਂਕਿ ਹਿੰਦੁਸਤਾਨ ਵਿੱਚ ਅਮਰੀਕਾ ਦੀਆਂ ਆਉਣ ਵਾਲੀਆਂ ਵਸਤਾਂ ਉਪਰ ਜ਼ੀਰੋ ਫੀਸਦੀ ਕਰ ਹੋਵੇਗਾ, ਜੋ ਸਾਰਾ ਇੱਕ ਪਾਸੜ ਸਮਝੌਤਾ ਹੈ।ਪੰਜਾਬ ਸਰਕਾਰ ਬਾਰੇ ਗੱਲ ਕਰਦਿਆਂ ਇਹ ਦੋਸ਼ ਲਾਇਆ ਗਿਆ ਕਿ ਪੰਜਾਬ ਵਿੱਚ ਨਿਤ ਆਮ ਅਤੇ ਖਾਸ ਵਿਅਕਤੀਆਂ ਦੇ ਹੋ ਰਹੇ ਕਤਲ, ਲੋਕਾਂ ਤੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ ਅਤੇ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਦਾ ਖੁੱਲ੍ਹੇਆਮ ਵਿਚਰਨਾ ਇਹ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ ਅਮਨ ਕਾਨੂੰਨ ਦੀ ਹਾਲਤ ਸੰਭਾਲਣ ਵਿੱਚ ਆਯੋਗ ਸਾਬਤ ਹੈ।ਇਸ ਸਮੇਂ ਗੁਲਜ਼ਾਰ ਸਿੰਘ ਭੁਬਲੀ, ਅਜੀਤ ਲਾਲ, ਸੁਲੱਖਣ ਮਸੀਹ, ਅਜੀਤ ਸਿੰਘ, ਗੁਰਨਾਮ ਸਿੰਘ, ਹਰਜਿੰਦਰ ਪਿੰਟਾ, ਬਚਨ ਬੋਪਾ ਰਾਏ ਅਤੇ ਰਾਜੂ ਬਟਾਲਾ ਹਾਜ਼ਰ ਸਨ।

ਤਿੰਨ ਰੋਜ਼ਾ ਕਥਾ ਕੀਰਤਨ ਸਮਾਗਮ ਸਬੰਧੀ ਤਿਆਰੀਆਂ ਸ਼ੁਰੂ

ਮਜੀਠਾ (ਸੋਇਮ ਆਨੰਦ)- ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ ਅਤੇ ਸਮੂਹ ਧਾਰਮਿਕ ਸਭਾ ਸੁਸਾਇਟੀਆ ਵੱਲੋਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ

ਸਹਿਯੋਗ ਨਾਲ ਮਜੀਠਾ ਵਿਖੇ ਤਿੰਨ ਰੋਜ਼ਾ ਪੰਦਰਵਾਂ ਸਾਲਾਨਾ ਮਹਾਨ ਕਥਾ ਕੀਰਤਨ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਦਾਣਾ ਮੰਡੀ ਮਜੀਠਾ ਵਿਖੇ 20 ਫਰਵਰੀ ਤੋਂ ਕਰਵਾਇਆ ਜਾ ਰਿਹਾ ਹੈ ਜਿਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਪ੍ਰਬੰਧਕਾਂ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 20 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਪੰਥ ਪ੍ਰਸਿੱਧ ਰਾਗੀ ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ , ਕਥਾਵਾਚਕ ਗਿਆਨੀ ਕਲਵੰਤ ਸਿੰਘ ਜੀ ਸਹਿਬਜ਼ਾਦੇ ਸੇਵਾਦਲ ਅਤੇ ਰਾਗੀ ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਅੰਮ੍ਰਿਤਸਰ ਇਸੇ ਤਰ੍ਹਾਂ ਹੀ 21 ਫਰਵਰੀ ਦਿਨ ਸ਼ਨੀਵਾਰ ਨੂੰ ਭਾਈ ਸਿਮਰਨਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ, ਕਥਾਵਾਚਕ ਗਿਆਨੀ ਮਾਨ ਸਿੰਘ ਜੀ ਸਾਬਕਾ ਹੈੱਡ ਸ਼੍ਰੀ ਦਰਬਾਰ ਸਾਹਿਬ ਜੀ ਅਤੇ ਗਿਆਨੀ ਹਰਪ੍ਰੀਤ ਸਿੰਘ ਲਾਂਡਰਾਂ ਵਾਲੇ ਦਾ ਢਾਡੀ ਜੱਥਾ ਅਤੇ ਇਸੇ ਤਰ੍ਹਾਂ ਹੀ 23 ਫਰਵਰੀ ਐਤਵਾਰ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਪਾਠ ਦੇ ਭੋਗ ਤੋਂ ਉਪਰੰਤ ਭਾਰੀ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗਿਆਨੀ ਸਰਬਜੀਤ ਸਿੰਘ ਕਥਾਵਾਚਕ ਲੁਧਿਆਣਾ ਵਾਲੇ ਤੇ ਗਿਆਨੀ ਬਲਬੀਰ ਸਿੰਘ ਪਾਰਸ ਦੇ ਢਾਡੀ ਜਥੇ ਵੱਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨ ਦਾ ਜਤਨ ਕੀਤਾ ਜਾਵੇਗਾ।ਸਟੇਜ ਦੀ ਸੇਵਾ ਬਾਬਾ ਸੁਖਪਾਲ ਸਿੰਘ ਕਰਨਗੇ ਅਤੇ ਸਮਾਪਤੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਭਾਈ ਪ੍ਰੇਮ ਸਿੰਘ ਜੀ ਅਰਦਾਸੀਏ ਸ੍ਰੀ ਦਰਬਾਰ ਸਾਹਿਬ ਜੀ ਕਰਨਗੇ।ਇਸ ਮੌਕੇ ਜਰਨੈਲ ਸਿੰਘ ਮੰਗਾ, ਬਾਬਾ ਸੁਖਪਾਲ ਸਿੰਘ, ਪ੍ਰਧਾਨ ਬਿਸ਼ਨ ਸਿੰਘ, ਹਰਭਾਲ ਸਿੰਘ, ਪ੍ਰਿਤਪਾਲ ਸਿੰਘ, ਲਾਲ ਸਿੰਘ, ਬਲਦੇਵ ਸਿੰਘ, ਮੇਜਰ ਸਿੰਘ , ਹੀਰਾ ਸਿੰਘ ਰੋੜੀ , ਸਤਨਾਮ ਸਿੰਘ,ਗੁਰਦੀਪ ਸਿੰਘ, ਤਰਨਜੀਤ ਸਿੰਘ, ਪਲਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

ਰਾਮਦਾਸ ਰਿਵਰ ਰਾਵੀ ਰੋਡ ਤੋਂ ਸਿੰਘਪੁਰਾ ਡੇਰੇ ਤੱਕ ਸੜਕ ਦਾ ਨੀਂਹ ਪੱਥਰ ਰੱਖਿਆ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)- ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਰਾਮਦਾਸ ਰਿਵਰ ਰਾਵੀ ਰੋਡ ਤੋਂ ਸਿੰਘਪੁਰਾ ਡੇਰੇ ਤੱਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਅਤੇ ਕਿਹਾ

ਕਿ ਇਤਿਹਾਸਕ ਤੇ ਧਾਰਮਿਕ ਹਲਕੇ ਡੇਰਾ ਬਾਬਾ ਨਾਨਕ ਵਿਖੇ ਸਰਬਪੱਖੀ ਵਿਕਾਸ ਕਾਰਜ ਹੋਰ ਤੇਜ਼ਗਤੀ ਨਾਲ ਕਰਵਾਏ ਜਾਣਗੇ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਰਾਜ ਅੰਦਰ ਚਹੁੰਪੱਖੀ ਵਿਕਾਸ ਕਾਰਜਾਂ ਲਈ ਵਚਨਬੱਧ ਹੈ ਅਤੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਲਕੇ ਡੇਰਾ ਬਾਬਾ ਨਾਨਕ ਅੰਦਰ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਸੁਚਾਰੂ ਢੰਗ ਨਾਲ ਕਰਵਾਏ ਗਏ ਹਨ ਅਤੇ ਉਹ ਲੋਕਾਂ ਦੀ ਸੇਵਾ ਲਈ 24 ਘੰਟੇ ਹਾਜ਼ਰ ਹਨ।ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਕਰੀਬ ਚਾਰ ਸਾਲਾਂ ਵਿੱਚ ਹਲਕੇ ਵਿੱਚ ਰਿਕਾਰਡ ਵਿਕਾਸ ਕਾਰਜ ਕੀਤੇ ਗਏ ਹਨ, ਸਾਲ 2026 ਵਿੱਚ ਹਲਕੇ ਅੰਦਰ ਸਰਬਪੱਖੀ ਵਿਕਾਸ ਕਾਰਜਾਂ ਦੀ ਲੜੀ ਹੋਰ ਤੇਜ਼ੀ ਨਾਲ ਨਿਰੰਤਰ ਜਾਰੀ ਰਹੇਗੀ।ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵਲੋਂ ਇਸ ਸੜਕ ਦਾ ਨਿਰਮਾਣ ਨਿਯਮਿਤ ਸਮੇਂ ਅੰਦਰ ਮੁਕੰਮਲ ਕਰਵਾਇਆ ਜਾਵੇਗਾ, ਜਿਸ ਸਬੰਧੀ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।

ਨੈਤਿਕ ਸਿੱਖ

8-FEB-PAGE-4.qxd 2/7/2026 10:13 PM Page 1

'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਰਕਾਰ ਨੇ ਦਿੱਤਾ ਮੁਲਾਜ਼ਮਾਂ ਨੂੰ ਜਜ਼ੀਆ ਇਕੱਠਾ ਕਰਨ ਦਾ ਤੋਹਫ਼ਾ

ਸਮਾਣਾ (ਇਕਬਾਲ ਸਿੰਘ ਬੱਲ)-ਪੰਜਾਬ ਰਾਜ ਦੇ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਤੇ ਮੁੜ ਵਸੇਬਾ ਸੋਸਾਇਟੀ ਅਧੀਨ ਕੰਟਰੈਕਟ ਤੇ ਲੱਗੇ ਮੁਲਾਜ਼ਮਾਂ ਨੂੰ ਸਿਹਤ ਵਿਭਾਗ ਵੱਲੋਂ ਪਿਛਲੇ ਦਿਨੀਂ ਇੱਕ ਫਰਮਾਨ ਜਾਰੀ ਹੋਇਆ ਹੈ, ਜਿਸ ਵਿੱਚ ਪਿਛਲੇ ਸਮੇਂ ਤੋਂ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ 2018 ਅਧੀਨ ਆਉਂਦੇ ਕੰਟਰੈਕਟ ਮੁਲਾਜ਼ਮਾਂ ਦਾ 200/- ਰੁਪਏ ਪ੍ਰਤੀ ਮਹੀਨਾ ਕੱਟਣ ਈ-ਚਲਾਨ ਰਾਹੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੀ ਹਦਾਇਤ ਸਰਕਾਰ ਵੱਲੋਂ ਪ੍ਰਾਪਤ ਹੋਈ ਹੈ, ਜਿਸ ਨਾਲ ਕੰਟਰੈਕਟ 'ਤੇ ਲੱਗੇ ਮੁਲਾਜ਼ਮਾਂ 'ਚ ਰੋਸ ਦੀ ਲਹਿਰ ਹੈ ਤੇ ਨਸ਼ਾ ਛੁਡਾਊ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਵੱਲੋਂ ਇਸ ਦੀ ਨਿਖੇਧੀ ਕੀਤੀ ਹੈ ਤੇ ਨਾਲ ਹੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਇਸ 'ਚ ਮੁਲਾਜ਼ਮਾਂ ਦਾ ਕੋਈ ਦੋਸ਼ ਨਹੀਂ ਹੈ। ਇਹ ਵਿਭਾਗ ਦੀ ਨਕਾਮੀ ਹੈ ਕਿ ਉਨ੍ਹਾਂ ਨੇ ਪਹਿਲਾਂ ਇਹ ਟੈਕਸ ਨਹੀਂ ਕੱਟਿਆ। 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਮੁਲਾਜ਼ਮ ਦਿਨ-ਰਾਤ ਪਹਿਲੇ ਦਰਜੇ ਦੇ ਸਿਪਾਹੀਆਂ ਵਾਂਗ ਨਸ਼ਾ ਛੁਡਾਊ ਕੇਂਦਰ ਤੇ ਓਟ ਕਲੀਨਿਕ ਵਿੱਚ ਸੇਵਾਵਾਂ ਦੇ ਰਹੇ ਹਨ ਤੇ ਸਰਕਾਰ ਦਾ ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਤਨਦੇਹੀ ਨਾਲ ਆਪਣਾ ਯੋਗਦਾਨ ਪਾ ਰਹੇ ਹਨ ਤੇ ਸਰਕਾਰ ਨੇ ਉਨ੍ਹਾਂ ਨੂੰ ਇਹ ਇਨਾਮ ਦਿੱਤਾ।ਮੌਜੂਦਾ ਸਮੇਂ ਤੋਂ 200/- ਰੁਪਏ ਪ੍ਰਤੀ ਮਹੀਨਾ ਮੁਲਾਜ਼ਮ ਅਦਾਇਗੀ ਕਰਨ ਨੂੰ ਤਿਆਰ ਹਨ। ਰੇਟਰੋਸਪੈਕਟਿਵ ਰਿਕਵਰੀ ਨੂੰ ਬੰਦ ਕੀਤਾ ਜਾਵੇ, ਇਸ ਨਾਲ ਮੁਲਾਜ਼ਮ ਨੂੰ 18000 ਤੋਂ 20000 ਰੁਪਏ ਦਾ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਸਰਕਾਰ ਮੁਲਾਜ਼ਮਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ ਨੂੰ ਮਜਬੂਰਨ ਸੰਘਰਸ਼ ਦਾ ਰਾਹ ਚੁਣਨਾ ਪਵੇਗਾ, ਜਿਸਦੀ ਪੂਰਨ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੀ ਹੋਵੇਗੀ।

ਸਕੂਲ ਨੀਤੀਆਂ ਦੇ ਦਿਸ਼ਾ-ਨਿਰਦੇਸ਼ਾਂ ਲਈ ਪ੍ਰੋਗਰਾਮ

ਨਾਭਾ (ਵਰਿੰਦਰ ਵਰਮਾ)-ਜੀ ਬੀ ਇੰਟਰਨੈਸ਼ਨਲ ਸਕੂਲ ਵਿੱਚ ਚੇਅਰਮੈਨ ਸ਼੍ਰੀ ਸੰਦੀਪ ਬਾਂਸਲ ਦੀ ਅਗਵਾਈ ਹੇਠ ਮਾਪਿਆਂ ਲਈ ਸਕੂਲ ਨੀਤੀਆਂ ਸੰਬੰਧੀ ਦਿਸ਼ਾ-ਨਿਰਦੇਸ਼ਾਂ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਸੈਸ਼ਨ ਵਿੱਚ ਪੰਜਵੀਂ ਜਮਾਤ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੱਦਾ ਦਿੱਤਾ ਗਿਆ।ਪ੍ਰੋਗਰਾਮ ਦਾ ਮੁੱਖ ਉਦੇਸ਼ ਮਾਪਿਆਂ ਨੂੰ ਨਵੀਂ ਜਮਾਤ ਦੇ ਨਿਯਮਾਂ, ਪਾਠਕ੍ਰਮ ਤੇ ਉਮੀਦਾਂ ਨਾਲ ਜਾਣੂ ਕਰਾਉਣਾ ਸੀ।ਮਾਪਿਆਂ ਨੂੰ ਪੰਜਵੀਂ ਜਮਾਤ ਦੀ ਅਕਾਦਮਿਕ ਪ੍ਰਣਾਲੀ, ਪ੍ਰੀਖਿਆ ਪੱਧਤੀ, ਅੰਦਰੂਨੀ ਮੁਲਾਂਕਣ ਅਤੇ ਅਨੁਸ਼ਾਸਨ ਸੰਬੰਧੀ ਨਿਯਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਵਿਸ਼ਾ ਅਧਿਆਪਕਾਂ ਨੇ ਆਪਣੇ-ਆਪਣੇ ਵਿਸ਼ਿਆਂ ਤੋਂ ਜਾਣੂ ਕਰਾਇਆ ਤੇ ਨਵੀਂ ਜਮਾਤ ਵਿੱਚ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਣ ਵਾਲੀ ਤਿਆਰੀ ਅਤੇ ਮਿਹਨਤ ਬਾਰੇ ਦੱਸਿਆ।ਇਸ ਦੇ ਨਾਲ ਹੀ ਸਕੂਲ ਵਿੱਚ ਆਯੋਜਤ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸਹਿ-ਪਾਠਕ੍ਰਮ ਗਤੀਵਿਧੀਆਂ ਤੇ ਮੁਕਾਬਲਿਆਂ ਜਿਵੇਂ ਵਾਦ-ਵਿਵਾਦ, ਕਵਿਤਾ ਪਾਠ, ਭਾਸ਼ਣ, ਖੇਡਾਂ ਅਤੇ ਸੰਸਕ੍ਰਿਤਕ ਪ੍ਰੋਗਰਾਮਾਂ ਬਾਰੇ ਵੀ ਮਾਪਿਆਂ ਨੂੰ ਜਾਣੂ ਕਰਾਇਆ ਗਿਆ।ਪ੍ਰੋਗਰਾਮ ਦੌਰਾਨ ਪ੍ਰਸ਼ਨ-ਉੱਤਰ ਸੈਸ਼ਨ ਵੀ ਰੱਖਿਆ ਗਿਆ, ਜਿਸ ਵਿੱਚ ਮਾਪਿਆਂ ਨੇ ਆਪਣੀਆਂ ਸ਼ੰਕਾਵਾਂ ਪੁੱਛੀਆਂ ਤੇ ਅਧਿਆਪਕਾਂ ਨੇ ਉਨ੍ਹਾਂ ਦਾ ਸੰਤੋਖਜਨਕ ਜਵਾਬ ਦਿੱਤਾ।ਮਾਪਿਆਂ ਦੀ ਸਰਗਰਮ ਸ਼ਮੂਲੀਅਤ ਪ੍ਰਸ਼ੰਸਾਯੋਗ ਰਹੀ।ਪ੍ਰੋਗਰਾਮ ਦੇ ਸਮਾਪਨ ਮੌਕੇ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਮੌਜੂਦ ਮਾਪਿਆਂ ਨੂੰ ਪ੍ਰੇਰਣਾਦਾਇਕ ਸੰਦੇਸ਼ ਦਿੰਦਿਆਂ ਕਿਹਾ ਕਿ ਪੰਜਵੀਂ ਜਮਾਤ ਵਿਦਿਆਰਥੀਆਂ ਦੇ ਵਿੱਦਿਅਕ ਜੀਵਨ ਦਾ ਇੱਕ ਮਹੱਤਵਪੂਰਨ ਪੜਾਅ ਹੈ। ਇਸ ਲਈ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਦੇ ਨਾਲ-ਨਾਲ ਮਾਪਿਆਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ।

ਜੋਗਿੰਦਰਾ ਕਾਨਵੈਂਟ ਸਕੂਲ ਵਿਖੇ ਪੰਜਾਬ ਰਾਜ ਜੂਨੀਅਰ ਫੁੱਟਬਾਲ ਚੈਂਪੀਅਨਸ਼ਿਪ ਦਾ ਸ਼ਾਨਦਾਰ ਆਗਾਜ਼

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੋਗਿੰਦਰਾ ਕਾਨਵੈਂਟ ਸਕੂਲ ਵਿਖੇ ਪੰਜਾਬ ਰਾਜ ਜੂਨੀਅਰ ਫੁੱਟਬਾਲ (ਲੜਕੀਆਂ) ਦੀ ਚੈਂਪੀਅਨਸ਼ਿਪ ਦਾ ਸ਼ੁੱਕਰਵਾਰ ਨੂੰ ਬੇਹੱਦ ਪ੍ਰਭਾਵਸ਼ਾਲੀ ਅਤੇ ਉਤਸ਼ਾਹਜਨਕ ਆਗਾਜ਼ ਹੋਇਆ। ਇਸ ਖੇਡ ਉਤਸਵ ਦਾ ਰਸਮੀ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਬਲਵਿੰਦਰ ਸਿੰਘ ਭੰਬਾ ਲੰਡਾ ਵੱਲੋਂ ਕੀਤਾ ਗਿਆ। ਉਨ੍ਹਾਂ ਖਿਡਾਰਨਾਂ ਨਾਲ ਜਾਣ-ਪਛਾਣ ਕਰਦਿਆਂ ਉਨ੍ਹਾਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।? ਅੱਜ ਦੇ ਮੁਕਾਬਲਿਆਂ ਦੌਰਾਨ ਮੈਦਾਨ ਵਿੱਚ ਖਿਡਾਰਨਾਂ ਅੰਦਰ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਪਹਿਲਾ ਮੈਚ ਜਲੰਧਰ ਅਤੇ ਸ੍ਰੀ ਮੁਕਤਸਰ ਸਾਹਿਬ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਜਲੰਧਰ ਦੀਆਂ ਖਿਡਾਰਨਾਂ ਨੇ ਤਕਨੀਕੀ ਮਹਾਰਤ ਅਤੇ ਸ਼ਾਨਦਾਰ ਤਾਲਮੇਲ ਦਾ ਪ੍ਰਦਰਸ਼ਨ ਕਰਦੇ ਹੋਏ 4-0 ਦੇ ਵੱਡੇ ਫਰਕ ਨਾਲ ਇਕਤਰਫ਼ਾ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਦੂਜਾ ਮੁਕਾਬਲਾ ਸੰਗਰੂਰ ਅਤੇ ਕਪੂਰਥਲਾ ਦੀਆਂ ਟੀਮਾਂ ਦਰਮਿਆਨ ਹੋਇਆ, ਜਿਸ ਵਿੱਚ ਕਪੂਰਥਲਾ ਦੀ ਟੀਮ ਨੇ ਆਪਣੇ ਬਿਹਤਰੀਨ ਖੇਡ ਸਦਕਾ ਵਿਰੋਧੀ ਟੀਮ ਨੂੰ ਪਛਾੜਦਿਆਂ ਜਿੱਤ ਦਰਜ ਕੀਤੀ।?ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਕੂਲ ਦੇ ਚੇਅਰਮੈਨ ਸ. ਹਰਦੀਪ ਸਿੰਘ ਅਤੇ ਪ੍ਰਿੰਸੀਪਲ ਸ. ਸਿਮਰਨਦੀਪ ਸਿੰਘ ਧਾਲੀਵਾਲ ਨੇ ਸਮੂਹ ਡੀ.ਐੱਫ.ਏ. ਫਿਰੋਜ਼ਪੁਰ ਦੇ ਮੈਂਬਰਾਂ ਨਾਲ ਮਿਲ ਕੇ ਖਿਡਾਰਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਰਾਜ ਪੱਧਰੀ ਮੁਕਾਬਲੇ ਧੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਵੱਡਾ ਮੰਚ ਪ੍ਰਦਾਨ ਕਰਦੇ ਹਨ। ਪ੍ਰਬੰਧਕਾਂ ਵੱਲੋਂ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਗਈ ਅਤੇ ਸਾਰੀਆਂ ਖਿਡਾਰਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

ਸੇਂਟ ਜ਼ੇਵੀਅਰਜ਼ ਸਕੂਲ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਸਮਾਣਾ (ਇਕਬਾਲ ਸਿੰਘ ਬੱਲ)-ਵਿਦਿਆਰਥੀਆਂ ਦੀ ਮਾਨਸਿਕ ਸ਼ਾਂਤੀ ਅਤੇ ਅਧਿਆਤਮਕ ਤਰੱਕੀ ਨੂੰ ਮੁੱਖ ਰੱਖਦਿਆਂ ਸੇਂਟ ਜ਼ੇਵੀਅਰਜ਼ ਇੰਟਰਨੈਸ਼ਨਲ ਸਕੂਲ ਵੱਲੋਂ ਸਕੂਲ ਕੈਂਪਸ ਵਿੱਚ ਬੜੀ ਸ਼ਰਧਾ ਅਤੇ ਭਾਵਨਾ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਅਕਾਦਮਿਕ ਸਫਲਤਾ ਅਤੇ ਉਨ੍ਹਾਂ ਦੇ ਜੀਵਨ ਦੀ ਬਿਹਤਰੀ ਲਈ ਪ੍ਰਮਾਤਮਾ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਸੀ।ਸਮੁੱਚਾ ਸਕੂਲ ਕੈਂਪਸ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਨਾਲ ਗੂੰਜ ਉੱਠਿਆ ਅਤੇ ਵਿਦਿਆਰਥੀਆਂ, ਸਟਾਫ਼ ਤੇ ਪ੍ਰਬੰਧਕਾਂ ਨੇ ਬੜੀ ਇਕਾਗਰਤਾ ਨਾਲ ਪਾਠ ਸਰਵਣ ਕੀਤਾ।ਇਸ ਅਧਿਆਤਮਿਕ ਉਪਰਾਲੇ ਦੀ ਅਗਵਾਈ ਸਕੂਲ ਦੇ ਡਾਇਰੈਕਟਰਾਂ ਅਰਨਬ ਸਰਕਾਰ ਅਤੇ ਅਨਿੰਦਿਆ ਸਰਕਾਰ ਵੱਲੋਂ ਕੀਤੀ ਗਈ। ਉਨ੍ਹਾਂ ਦੀ ਸ਼ਮੂਲੀਅਤ ਨੇ ਸੰਸਥਾ ਦੇ ਉਸ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ, ਜਿਸ ਵਿੱਚ ਆਧੁਨਿਕ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਬਿਕਾਸ ਸਿੰਘਾ ਨੇ ਇਸ ਸਮਾਗਮ ਦੇ ਸੁਚੱਜੇ ਪ੍ਰਬੰਧਾਂ ਵਿੱਚ ਅਹਿਮ ਭੂਮਿਕਾ ਨਿਭਾਈ। ਸਮਾਪਤੀ ਅਤੇ ਪ੍ਰਭਾਵ ਸਮਾਗਮ ਦੀ ਸਮਾਪਤੀ 'ਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

ਕਿਸਾਨ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਜਮਹੂਰੀਅਤ ਦਾ ਕਤਲ : ਡੀ ਟੀ ਐੱਫ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬ ਸਰਕਾਰ ਲੋਕਾਂ ਦੀਆਂ ਹੱਕੀ ਮੰਗਾਂ ਅਤੇ ਬੁਨਿਆਦੀ ਅਧਿਕਾਰਾਂ ਨੂੰ ਡੰਡੇ ਦੇ ਜ਼ੋਰ ਨਾਲ਼ ਦਬਾਉਣ ਦੇ ਰਾਹ ਪਈ ਹੋਈ ਹੈ। ਸੂਬੇ ਨੂੰ ਪੁਲਸ ਸਟੇਟ ਬਣਾ ਕੇ ਚਲਾਇਆ ਜਾ ਰਿਹਾ ਹੈ।ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰ ਫਰੰਟ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦੇ ਘਰਾਂ ਵਿੱਚ ਪੰਜਾਬ ਪੁਲਸ ਵੱਲੋਂ ਤੜਕਸਾਰ ਕੀਤੀ ਛਾਪੇਮਾਰੀ ਅਤੇ ਕਿਸਾਨਾਂ ਦੀ ਫੜ੍ਹ ਫੜਾਈ ਦੀ ਸਖਤ ਸ਼ਬਦਾਂ ਵਿੱਚ ਨਖੇਧੀ ਕਰਦਿਆਂ ਕਿਹਾ ਕਿ ਆਪ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਅਤੇ ਹੋਰ ਕਿਰਤੀ ਲੋਕਾਂ 'ਤੇ ਹਰ ਰੋਜ਼ ਜਬਰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਨਿਆਂ ਵਿੱਚੋਂ ਪੈਦਾ ਹੋਈ ਪਾਰਟੀ ਧਰਨਾ ਪ੍ਰਦਰਸ਼ਨ ਕਰਨ ਦੇ ਜਮਹੂਰੀ ਹੱਕਾਂ ਨੂੰ ਕਤਲ ਕਰ ਰਹੀ ਹੈ। ਜੱਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸ਼ਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਸਯੁੰਕਤ ਸਕੱਤਰ ਦਲਜੀਤ ਸਮਰਾਲਾ, ਵਿੱਤ ਸਕੱਤਰ ਜਸਵਿੰਦਰ ਸਿੰਘ ਅਤੇ ਸਹਾਇਕ ਪ੍ਰੈੱਸ ਸਕੱਤਰ ਰਾਜਵਿੰਦਰ ਬੈਣੀਵਾਲ, ਤਲਵਿੰਦਰ ਸਿੰਘ ਪਟਿਆਲਾ ਨੇ ਸੂਬਾ ਸਰਕਾਰ ਦੇ ਲੋਕ ਵਿਰੋਧੀ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਕਿਹਾ ਕਿ ਜੇਲ੍ਹ ਵਿੱਚ ਬੰਦ ਦੋ ਕਿਸਾਨ ਆਗੂਆਂ ਵਿੱਚੋਂ ਇੱਕ ਕਿਸਾਨ ਆਗੂ ਨੂੰ ਤਾਂ ਉਸ ਦੀ ਮਾਤਾ ਦੇ ਸਸਕਾਰ ਤੇ ਮ੍ਰਿਤਕ ਦੇਹ ਨੂੰ ਅਗਨੀ ਭੇਟ ਕਰਨ ਦੀ ਇਜਾਜ਼ਤ ਹੀ ਨਹੀਂ ਦਿੱਤੀ ਗਈ। ਸਾਲ 2025 ਦੌਰਾਨ ਆਦਰਸ਼ ਸਕੂਲ ਚਾਉਕੇ ਦੀ ਕਥਿਤ ਭ੍ਰਿਸ਼ਟ ਮੈਨੇਜਮੈਂਟ ਖ਼ਿਲਾਫ਼ ਨੌਕਰੀ ਤੋਂ ਹਟਾਏ ਗਏ ਅਧਿਆਪਕਾਂ ਨੂੰ ਇਨਸਾਫ ਦਿਵਾਉਣ ਲਈ ਕਿਸਾਨ ਆਗੂਆਂ ਨੇ ਸੰਘਰਸ਼ ਕੀਤਾ ਸੀ। ਜਿਸ ਨੂੰ ਆਧਾਰ ਬਣਾ ਕੇ ਰੰਜਿਸ਼ ਤਹਿਤ ਇਨ੍ਹਾਂ ਦੋ ਕਿਸਾਨ ਆਗੂਆਂ ਤੇ ਪਰਚੇ ਦਰਜ ਕੀਤੇ ਗਏ ਅਤੇ ਜਬਰੀ ਜੇਲ੍ਹ ਵਿੱਚ ਬੰਦ ਕੀਤਾ ਗਿਆ। ਆਗੂਆਂ ਦੀ ਰਿਹਾਈ ਲਈ ਕੀਤੇ ਜਾ ਰਹੇ ਜਮਹੂਰੀ ਪ੍ਰਦਰਸ਼ਨ ਨੂੰ ਦਬਾਉਣ ਲਈ ਕੱਲ੍ਹ ਤੜਕਸਾਰ ਕਿਸਾਨਾਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਗਈ ਪਰਵਾਰਕ ਮੇਬਰਾਂ ਨਾਲ਼ ਬਦਸਲੂਕੀ ਕੀਤੀ ਗਈ। ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਤੁਰੰਤ ਬੰਦ ਕੀਤਾ ਜਾਵੇ, ਜੇਲ੍ਹ ਵਿੱਚ ਬੰਦ ਆਗੂਆਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦਾ ਜ਼ਿਲ੍ਹਾ ਪੱਧਰੀ ਅਜਲਾਸ ਹੋਇਆ

ਹਠੂਰ (ਲਵਲੀ ਕੁਮਾਰ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਲੁਧਿਆਣਾ ਦਾ ਜ਼ਿਲ੍ਹਾ ਇਜਲਾਸ ਕਾਮਰੇਡ ਬਲਬੀਰ ਸਿੰਘ ਆਲਮਗੀਰ, ਹਰਪਾਲ ਸਿੰਘ ਰਾਏਕੋਟ ਅਤੇ ਪਰਮਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਭੰਮੀਪੁਰਾ ਵਿਖੇ ਹੋਇਆ।ਇਸ ਮੌਕੇ ਕਾਮਰੇਡ ਪਰਮਜੀਤ ਸਿੰਘ ਪੰਮਾ ਨੇ ਯੂਨੀਅਨ ਦੇ ਕੁੱਲ ਹਿੰਦ ਮੀਤ ਪ੍ਰਧਾਨ ਕਾਮਰੇਡ ਭੂਪ ਚੰਦ ਚੌਣੇ ਅਤੇ ਹੋਰ ਸੀਨੀਅਰ ਆਗੂਆਂ ਦੀ ਹਾਜ਼ਰੀ ਵਿੱਚ ਯੂਨੀਅਨ ਦਾ ਝੰਡਾ ਲਹਿਰਾਇਆ।ਇਜਲਾਸ ਦੇ ਸ਼ੁਰੂ ਵਿੱਚ ਕਾਮਰੇਡ ਬਲਬੀਰ ਸਿੰਘ ਵੱਲੋਂ ਵਿਛੜੇ ਸਾਥੀ ਕਾਮਰੇਡ ਸੀਤਾ ਰਾਮ ਯੋਚੁਰੀ, ਬੁੱਧਦੇਬ ਭੱਟਾਚਾਰੀਆ, ਲਾਲ ਸਿੰਘ ਧਨੌਲਾ ਅਤੇ ਬਲਬੀਰ ਸਿੰਘ ਸੁਹਾਵੀ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ।ਇਸ ਮੌਕੇ ਕਾਨਫਰੰਸ ਦਾ ਉਦਘਾਟਨ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਮੀਤ ਪ੍ਰਧਾਨ ਕਾਮਰੇਡ ਭੂਪ ਚੰਦ ਚੌਣੇ ਨੇ ਕੀਤਾ। ਉਦਘਾਟਨੀ ਭਾਸ਼ਨ ਦੌਰਾਨ ਉਨ੍ਹਾ ਮਨਰੇਗਾ ਦੀ ਜਗ੍ਹਾ 'ਵੀ ਬੀ ਜੀ ਰਾਮ ਜੀ 'ਨਾਂ ਹੇਠ ਬਣਾਏ ਨਵੇਂ ਕਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਨਵਾਂ ਕਨੂੰਨ ਅਸਲ ਵਿੱਚ ਮਜ਼ਦੂਰਾਂ ਨੂੰ 100 ਦਿਨ ਮਜ਼ਦੂਰੀ ਦੇਣ ਮਨਰੇਗਾ ਰਾਹੀਂ ਪ੍ਰਾਪਤ ਹੋਏ ਕਨੂੰਨੀ ਅਧਿਕਾਰ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।ਪੰਜਾਬ ਸਰਕਾਰ ਵੀ ਇਸਤਰੀਆਂ, ਮਜ਼ਦੂਰਾਂ ਅਤੇ ਹੋਰ ਵਰਗਾਂ ਨਾਲ ਕੀਤੇ ਵਾਅਦਿਆਂ ਤੋਂ ਮੁਨਕਰ ਹੋ ਰਹੀ ਹੈ।ਇਸ ਮੌਕੇ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਬਲਜੀਤ ਸਿੰਘ ਗਰੇਵਾਲ ਅਤੇ ਕਾਮਰੇਡ ਸਤਿਨਾਮ ਸਿੰਘ ਬੜੈਚ ਨੇ ਸੰਬੋਧਨ ਕਰਦਿਆ ਕਿਹਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਾਂਝੇ ਸ਼ੰਘਰਸ ਤੋ ਬਿਨਾਂ ਕੋਈ ਵੀ ਲੜਾਈ ਨਹੀਂ ਜਿੱਤੀ ਜਾ ਸਕਦੀ।ਕਾਰਜਕਾਰੀ ਜ਼ਿਲ੍ਹਾ ਸਕੱਤਰ ਕਾਮਰੇਡ ਹਰਪਾਲ ਸਿੰਘ ਭੈਣੀ ਦਰੇੜਾ ਨੇ ਕੁਝ ਦਿਨ ਪਹਿਲਾ ਬੰਦੲੀ-ਸਮਰਾਲਾ ਵਿਖੇ

8-FEB-PAGE-5.qxd 2/7/2026 10:12 PM Page 1

ਕੇਂਦਰ ਵੱਲੋਂ ਟਰੰਪ ਨਾਲ ਕੀਤੀ ਡੀਲ ਦਾ ਕਿਸਾਨ ਡਟ ਕੇ ਵਿਰੋਧ ਕਰਨਗੇ : ਗਿੱਲ

ਪਟਿਆਲ਼ਾ (ਰਾਜਿੰਦਰ ਸਿੰਘ ਬਿੰਦ)

ਕੇਂਦਰ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦਾ ਸਮੂਚਾ ਕਰਜਾ ਮੁਆਫ ਕਰੇ ਭਾਰਤ ਸਰਕਾਰ ਅਮਰੀਕਾ ਦੀ ਟਰੰਪ ਸਰਕਾਰ ਨਾਲ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਸਬੰਧੀ ਡੀਲ ਤੁਰੰਤ ਬੰਦ ਕਰੇ ਪੰਜਾਬ ਸਰਕਾਰ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ ਕਰਨਾ ਬੰਦ ਕਰੇ।ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਪ੍ਰਮੁੱਖ ਆਗੂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਹੈਪੀ, ਜਸਮੇਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਚੜੂਨੀ ਪੰਜਾਬ ਨੇ ਜਥੇਬੰਦੀ ਦੇ ਦਫ਼ਤਰ ਰਾਜਪੁਰਾ ਵਿਖੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਹੈਪੀ ਤੇ ਜਸਮੇਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਚੜੂਨੀ ਪੰਜਾਬ ਨੇ ਦੱਸਿਆ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੀ ਆਰਥਿਕ ਹਾਲਤ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਤੇ ਮਜ਼ਦੂਰਾਂ ਦਾ ਸਮੂੱਚਾ ਕਰਜ਼ਾ ਮੁਆਫ ਕਰੇ। ਕਿਸਾਨਾਂ ਤੇ ਮਜ਼ਦੂਰਾਂ ਨੂੰ ਪੈਰਾ ਸਿਰ ਖੜਾ ਕਰਕੇ ਇਸ ਆਰਥਿਕ ਮੰਦੀ ਤੋਂ ਬਾਹਰ ਕੱਢੇ ਤਾਂ ਜੁ ਭਾਰਤ ਦਾ ਅੰਨਦਾਤਾ ਤੇ ਮਜ਼ਦੂਰ ਵਰਗ ਆਪਣੀ ਜ਼ਿੰਦਗੀ ਸਹੀ ਢੰਗ ਨਾਲ ਬਤੀਤ ਕਰ ਸਕਣ। ਮੋਦੀ ਦੀ ਭਾਰਤ ਸਰਕਾਰ ਨੇ ਅਮਰੀਕਾ ਦੀ ਟਰੰਪ ਸਰਕਾਰ ਨਾਲ ਮਿਲਕੇ ਤਜਵੀਜ਼ਦ ਇੰਡੋ ਯੂ ਐਸ ਟਰੇਡ ਡੀਲ ਕਰ ਮੁਕਤ ਵਪਾਰ ਸਮਝੌਤਾ ਕਰਕੇ ਧੱਕੇਮਾਰੀ ਭਾਰਤ ਵਿੱਚ ਲਾਗੂ ਕਰਨ ਬਾਰੇ ਵਿਚਾਰ ਬਣਾਇਆ ਹੈ। ਇਸ ਡੀਲ ਰਾਹੀ ਹੋਏ ਸਮਝੌਤੇ ਅਨੁਸਾਰ ਕਾਲੇ ਕਾਨੂੰਨ ਭਾਰਤ ਵਿੱਚ ਲਾਗੂ ਹੋਣ ਨਾਲ ਭਾਰਤ ਵਿੱਚ ਹਾਹਾ ਕਾਰ ਮੱਚ ਜਾਵੇਗੀ ਭਾਰਤ ਦੀ ਮੋਦੀ ਸਰਕਾਰ ਅਤੇ ਅਮਰੀਕਾ ਦੀ ਟਰੰਪ ਸਰਕਾਰ ਵਿੱਚ ਗੁਪਤ ਸਮਝੌਤਾ ਹੋ ਚੁੱਕਾ ਹੈ ਕਿਸਾਨ ਆਗੂਆਂ ਨੇ ਕਿਹਾ ਭਾਰਤ ਸਰਕਾਰ ਕਿਸਾਨ ਵਿਰੋਧੀ ਭਾਰਤ ਵਿੱਚ ਲਿਆਂਦੇ ਜਾ ਰਹੇ ਵਪਾਰਕ ਸਮਝੌਤੇ ਕਾਲੇ ਕਾਨੂੰਨ ਲੋਕਾਂ 'ਤੇ ਜਬਰਨ ਥੋਪਣ ਦੀ ਕੋਸ਼ਿਸ਼ ਨਾ ਕਰੇ ਕਿਉਂਕਿ ਹੁਣ ਭਾਰਤ ਦਾ ਕਿਸਾਨ ਤੇ ਮਜ਼ਦੂਰ ਪੂਰਨ ਤੌਰ 'ਤੇ ਜਾਗਰੂਕ ਹੋ ਚੁੱਕਾ ਹੈ।

ਭਾਰਤ ਦੀ ਮੋਦੀ ਸਰਕਾਰ ਵੱਲੋਂ ਅਮਰੀਕਾ ਦੀ ਟਰੰਪ ਸਰਕਾਰ ਨਾਲ ਕੀਤਾ ਗਿਆ ਗੁਪਤ ਕਿਸਾਨ ਮਜ਼ਦੂਰ ਵਿਰੋਧੀ ਸਮਝੌਤਾ ਭਾਰਤ ਵਿੱਚ ਬਿਲਕੁਲ ਵੀ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ, ਚਾਹੇ ਭਾਰਤ ਦੇ ਕਿਸਾਨਾਂ ਮਜ਼ਦੂਰਾਂ ਨੂੰ ਵੱਡੀ ਤੋਂ ਵੱਡੀ ਕੁਰਬਾਨੀ ਕਿਉਂ ਨਾ ਦੇਣੀ ਪਵੇ।

ਭਾਰਤ ਤੇ ਅਮਰੀਕਾ ਵੱਲੋ ਖੇਤੀਬਾੜੀ ਜਾ ਡੈਰੀ ਉਤਪਾਦਾਂ ਨਾਲ ਪ੍ਰਸਾਤਵਤ ਵਪਾਰ ਸਮਝੌਤੇ ਨਾਲ ਕਿਸਾਨੀ ਅਤੇ ਡੈਰੀ ਫਾਰਮਿੰਗ ਨੂੰ ਭਾਰੀ ਨੁਕਸਾਨ ਹੋਵੇਗਾ। ਭਾਰਤ ਸਰਕਾਰ ਅਜਿਹੇ ਸਮਝੌਤੇ ਲਾਗੂ ਕਰਕੇ ਆਪਣੀ ਹੀ ਪਬਲਿਕ ਦਾ ਕਚੂੰਮਰ ਕੱਢਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕੀ ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਤੇ ਉਘੇ ਉਦਯੋਗਪਤੀ ਰਜਿੰਦਰ ਗੁਪਤਾ ਪਹਿਲਾਂ ਹੀ ਇਸ ਸਮਝੌਤੇ ਨੂੰ ਲਾਭਕਾਰੀ ਦੱਸ ਚੁੱਕੇ ਹਨ ਤੇ ਪੰਜਾਬ ਦੇ ਉਦਯੋਗ ਮੰਤਰੀ ਵੀ ਇਸ ਸਮਝੌਤੇ ਨੂੰ ਪੰਜਾਬ ਦੇ ਹੱਕ ਵਿੱਚ ਦੱਸ ਰਹੇ ਹਨ।

ਇਸ ਤਰਾ ਕਰਕੇ ਆਮ ਆਦਮੀ ਦੀ ਪੰਜਾਬ ਸਰਕਾਰ ਵੀ ਪੰਜਾਬ ਵਿੱਚ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰ ਰਹੀ ਹੈ ਤੇ ਪੰਜਾਬ ਸਰਕਾਰ ਕੇਂਦਰ ਦੀ ਸਰਕਾਰ ਨਾਲ ਮਿਲਕੇ ਕਾਰਪੋਰੇਟ ਘਰਾਣਿਆਂ ਤੋਂ ਮੋਟਾ ਪੈਸਾ ਲੈ ਕੇ ਕਾਰਪੋਰੇਟ ਘਰਾਣਿਆਂ ਦਾ ਸੂਬਿਆਂ ਤੇ ਖਾਸ ਕਰਕੇ ਪੰਜਾਬ ਦੇ ਹਰ ਇੱਕ ਕਾਰੋਬਾਰ ਨੂੰ ਪ੍ਰਾਈਵੇਟ ਕਰਕੇ ਕਾਰੋਬਾਰਾਂ ਤੇ ਉੱਚੇ ਘਰਾਣਿਆਂ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ। ਸਾਰੇ ਕਾਰੋਬਾਰਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣਾ ਚਾਹੁੰਦੀ ਹੈ। ਸਰਕਾਰਾਂ ਵੱਲੋਂ ਵੱਡੇ ਪੱਧਰ 'ਤੇ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਪੰਜਾਬ ਸਰਕਾਰ ਸਹੀ ਮਾਅਨਿਆਂ 'ਚ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੁੰਦੀ ਹੈ, ਫਿਰ ਪੰਜਾਬ ਸਰਕਾਰ ਕੇਂਦਰ ਸਰਕਾਰ ਕੋਲ ਅਜਿਹੀ ਮਾੜੀ ਨੀਤੀਆਂ ਦਾ ਅਧਿਕਾਰਤ ਵਿਰੋਧ ਦਰਜ ਕਰਾਵੇ ਤੇ ਭਾਰਤ ਸਰਕਾਰ ਦਾ ਅਮਰੀਕਾ ਦੀ ਟਰੰਪ ਸਰਕਾਰ ਨਾਲ ਹੋਏ ਸਮਝੌਤੇ ਦਾ ਖੁੱਲ੍ਹੇਆਮ ਵਿਰੋਧ ਕਰੇ।

ਜਥੇਬੰਦੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਹੈਪੀ ਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਜਸਮੇਰ ਸਿੰਘ ਗਿੱਲ ਨੇ ਪੰਜਾਬ ਸਰਕਾਰ ਨੂੰ ਜ਼ੋਰ ਦੇ ਕਿਹਾ ਕਿ ਉਗਰਾਹਾਂ ਜਥੇਬੰਦੀ ਦੇ ਬਲਦੇਵ ਸਿੰਘ ਚੌਕੇ ਤੇ ਸ਼ਰਨਦੀਪ ਸਿੰਘ ਨੂੰ ਲਗਾਤਾਰ ਪਿਛਲੇ 10/11 ਮਹੀਨੇ ਤੋਂ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ, ਅੱਜ ਉਨ੍ਹਾਂ ਵਰਕਰਾਂ ਦੀ ਪੱਕੀ ਰਿਹਾਈ ਲਈ ਲਗਾਤਾਰ ਮਿੰਨੀ ਸਕੱਤਰੇਤ ਬਠਿੰਡਾ ਵਿਖੇ ਅਣਮਿੱਥੇ ਸਮੇਂ ਲਈ ਘਿਰਾਓ ਦਾ ਐਲਾਨ ਕੀਤਾ ਹੋਇਆ ਸੀ। ਉਗਰਾਹਾ ਜਥੇਬੰਦੀ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਦਾ ਘਿਰਾਓ ਕਰਨਾ ਸੀ, ਪਰ ਪੰਜਾਬ ਪੁਲਿਸ ਵੱਲੋਂ ਪੰਜਾਬ ਸਰਕਾਰ ਦੇ ਹੁਕਮਾਂ ਤੇ ਰਾਤ ਭਰ ਤੋਂ ਹੀ ਉਗਰਾਹਾਂ ਜਥੇਬੰਦੀ ਦੇ ਲੀਡਰਾਂ ਸੀਨੀਅਰ ਆਗੂਆਂ ਦੇ ਘਰਾਂ 'ਤੇ ਰੇਡਾਂ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਪੱਸ਼ਟ ਹੁਕਮ ਦਿੱਤੇ ਹਨ ਕਿ ਪ੍ਰੈਸ ਨੂੰ ਦਬਾਇਆ ਨਹੀਂ ਜਾ ਸਕਦਾ, ਪਰ ਇਸ ਦੇ ਬਾਵਜੂਦ ਆਮ ਆਦਮੀ ਪਾਰਟੀ ਪੱਤਰਕਾਰੀ ਦੀ ਅਵਾਜ਼ ਨੂੰ ਦਬਾਉਣ ਦੀ ਹਰ ਕੋਸ਼ਿਸ਼ ਕਰ ਰਹੀ ਹੈ। ਅਜਿਹਾ ਵਰਤਾਓ ਘੋਰ ਨਿੰਦਣਯੋਗ ਹੈ ਅਤੇ ਪੰਜਾਬ ਦੇ ਸੰਘਰਸ਼ਸ਼ੀਲ ਲੋਕ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਪੂਰਾ ਕਰਾਉਣ ਲਈ ਧਰਨਾ ਭਲਕੇ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ) ਕਮਿਊਨਿਟੀ ਹੈਲਥ ਸੈਂਟਰ 'ਚ ਡਾਕਟਰਾਂ ਤੇ ਹੋਰ ਸਟਾਫ ਦੀਆਂ ਖਾਲੀ ਆਸਾਮੀਆਂ ਨੂੰ ਪੂਰਾ ਕਰਨ ਦੀ ਮੰਗ ਨੂੰ ਲੈ ਕੇ ਭਾਈ ਲਾਲੋ ਪੰਜਾਬੀ ਮੰਚ ਦੀ ਅਗਵਾਈ ਹੇਠ ਵੱਖ-ਵੱਖ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਸਹਿਯੋਗ ਨਾਲ ਸੀ ਐਚ ਸੀ ਵਿਖੇ ਵਿਸ਼ਾਲ ਰੋਸ ਧਰਨਾ 9 ਫਰਵਰੀ ਨੂੰ ਸਵੇਰੇ 10 ਵਜੇ ਦਿੱਤਾ ਜਾ ਰਿਹਾ ਹੈ।

ਭਾਈ ਲਾਲੋ ਪੰਜਾਬੀ ਮੰਚ ਪੰਜਾਬ ਦੇ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਸੀ ਐਚ ਸੀ ਮਹਿਲ ਕਲਾਂ ਵਿੱਚ ਕਾਫੀ ਜੱਦੋ ਜਹਿਦ ਬਾਅਦ ਪਿਛਲੇ ਦਿਨਾਂ 'ਚ ਤਾਇਨਾਤ ਕੀਤੇ ਗਏ ਸਾਰੇ ਮਾਹਿਰ ਡਾਕਟਰ ਇਸ ਸਮੇਂ ਇਥੋਂ ਤਬਦੀਲ ਕੀਤੇ ਜਾ ਚੁੱਕੇ ਹਨ।ਬਲਾਕ ਪੱਧਰ ਦੇ ਸਿਵਲ ਹਸਪਤਾਲ 'ਚ ਲੋੜੀਂਦਾ ਸਟਾਫ ਨਾ ਹੋਣ ਕਾਰਨ ਹਾਲਤ ਫਿਰ ਤਰਸਯੋਗ ਬਣੀ ਹੋਈ।ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਉਸਾਰੇ ਗਈ ਇਸ ਸਿਹਤ ਸੰਸਥਾ 'ਚ ਲੋੜੀਂਦਾ ਸਟਾਫ ਪੂਰਾ ਨਾ ਹੋਣ ਕਾਰਨ ਲੋੜਵੰਦਾਂ ਨੂੰ ਐਮਰਜੈਂਸੀ ਵੇਲੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਆਗੂ ਖਿਆਲੀ ਨੇ ਸੂਬਾ ਸਰਕਾਰ ਦੀ ਕਰੜੀ ਅਲੋਚਨਾ ਕਰਦਿਆ ਕਿਹਾ ਕਿ ਲੋਕਾਂ ਨੂੰ ਮੁੱਢਲੀਆਂ ਲੋੜਾਂ ਜਿਵੇ ਸਿਹਤ, ਸਿੱਖਿਆ ਤੇ ਰੁਜ਼ਗਾਰ ਪਹਿਲ ਦੇ ਆਧਾਰ ਤੇ ਦੇਣ ਦੇ ਵੱਡੇ-ਵੱਡੇ ਵਾਅਦੇ ਕਰਨ ਵਾਲੀ ਰਾਜ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ।ਹਰ ਰੋਜ਼ ਲੁੱਟਾਂ ਖੋਹਾਂ, ਦਿਨ ਦਿਹਾੜੇ ਕਤਲ ਤੇ ਹੱਕ ਮੰਗਦੇ ਲੋਕਾਂ ਉਪਰ ਜਬਰ ਜ਼ੁਲਮ ਦੀਆਂ ਘਟਨਾਵਾਂ ਇਕ ਆਮ ਗੱਲ ਬਣ ਕੇ ਰਹਿ ਗਈ।

ਪਿਸਤੌਲ ਦਿਖਾ ਕੇ ਐਡਵੋਕੇਟ ਨਾਲ ਹੱਥੋਪਾਈ ਕਰ ਗੱਡੀ ਖੋਹ ਫ਼ਰਾਰ ਹੋਏ ਨੌਜਵਾਨ, 3 ਖਿਲਾਫ਼ ਮਾਮਲਾ ਦਰਜ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਬਲਾਕ ਦੇ ਪਿੰਡ ਰਾਜਗੜ੍ਹ ਵਿਖੇ ਇੱਕ ਐਡਵੋਕੇਟ ਨਾਲ ਤਿੰਨ ਨੌਜਵਾਨਾਂ ਵਲੋਂ ਹੱਥੋਪਾਈ ਕਰ ਪਿਸਤੌਲ ਦੇ ਜ਼ੋਰ 'ਤੇ ਉਸਦੀ ਕਾਰ ਖੋਹ ਕੇ ਲਿਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ 'ਤੇ ਮਾਛੀਵਾੜਾ ਪੁਲਸ ਨੇ ਅਵਤਾਰ ਸਿੰਘ ਵਾਸੀ ਢੀਂਡਸਾ ਅਤੇ 2 ਅਣਪਛਾਤੇ ਨੌਜਵਾਨਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਬਿਆਨ ਦਰਜ ਕਰਾਉਂਦਿਆਂ ਐਡਵੋਕੇਟ ਕਮਲਜੀਤ ਸਿੰਘ ਭੰਗੂ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੀ ਕਾਰ ਵਿਚ ਸਵਾਰ ਹੋ ਕੇ ਸਮਰਾਲਾ ਕੋਰਟ ਵੱਲ ਜਾ ਰਿਹਾ ਸੀ ਕਿ ਪਿੰਡ ਰਾਜਗੜ੍ਹ ਨੇੜੇ 3 ਐਕਟਿਵਾ ਸਵਾਰ ਨੌਜਵਾਨਾਂ ਵੱਲੋਂ ਜਾਨੋਂ ਮਾਰ ਦੇਣ ਦੀ ਨੀਅਤ ਨਾਲ ਉਨ੍ਹਾਂ ਦੀ ਗੱਡੀ ਨੂੰ ਘੇਰ ਕੇ ਹਮਲਾ ਕਰ ਦਿੱਤਾ। ਇਨ੍ਹਾਂ 'ਚੋਂ ਇੱਕ ਨੌਜਵਾਨ ਅਵਤਾਰ ਸਿੰਘ ਜੋ ਸਕੂਟਰੀ ਚਲਾ ਰਿਹਾ ਸੀ, ਦੀ ਮੇਰੇ ਵਲੋਂ ਪਛਾਣ ਕੀਤੀ ਗਈ, ਜੋ ਕੁਝ ਸਮਾਂ ਪਹਿਲਾਂ ਸਲਿਨ ਗੁਪਤਾ ਵਕੀਲ ਅਦਾਲਤ ਸਮਰਾਲਾ ਵਿਚ ਮੁਨਸ਼ੀ ਦਾ ਕੰਮ ਕਰਦਾ ਸੀ।

ਅਵਤਾਰ ਸਿੰਘ ਨੇ ਮੇਰੀ ਗੱਡੀ ਦੀ ਤਾਕੀ ਖੋਲ੍ਹੀ ਤੇ ਜ਼ਬਰਦਸਤੀ ਚਾਬੀ ਕੱਢ ਕੇ ਮੈਨੂੰ ਗਲਾਵੇਂ ਤੋਂ ਫੜ ਕੇ ਬਾਹਰ ਕੱਢ ਲਿਆ। ਮੇਰੇ ਵੱਲੋਂ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਉਹ ਆਪਣੇ ਸਾਥੀਆਂ ਨੂੰ ਕਹਿਣ ਲੱਗਾ ਕਿ ਇਸ ਨੂੰ ਜਾਨੋਂ ਮਾਰ ਦੇਣਾ ਹੈ ਤੇ ਉਸ ਦੇ ਸਾਥੀ ਨੇ ਦੇਸੀ ਪਿਸਤੌਲ ਕੱਢ ਕੇ ਅਵਤਾਰ ਸਿੰਘ ਨੂੰ ਫੜਾਇਆ। ਬਿਆਨਕਰਤਾ ਅਨੁਸਾਰ ਮੇਰੇ ਵੱਲੋਂ ਡਰਦੇ ਹੋਏ ਅਵਤਾਰ ਸਿੰਘ ਨੂੰ ਧੱਕਾ ਮਾਰ ਖੇਤਾਂ 'ਚ ਭੱਜ ਕੇ ਆਪਣੀ ਜਾਨ ਬਚਾਈ ਅਤੇ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਤਿੰਨ ਨੌਜਵਾਨ ਉਨ੍ਹਾਂ ਦੀ ਗੱਡੀ ਖੋਹ ਕੇ ਫ਼ਰਾਰ ਹੋ ਗਏ।

ਉਨ੍ਹਾਂ ਦੱਸਿਆ ਕਿ ਵਜ੍ਹਾ ਰੰਜ਼ਿਸ਼ ਇਹ ਹੈ ਕਿ ਉਕਤ ਅਵਤਾਰ ਸਿੰਘ ਨੇ ਸਮਰਾਲਾ ਅਦਾਲਤ ਦੇ ਮੇਰੇ ਸਾਥੀ ਵਕੀਲ ਨਾਲ ਦੁਰਵਿਹਾਰ ਕੀਤਾ ਸੀ, ਜਿਸ 'ਤੇ ਬਾਰ ਐਸੋਸੀਏਸ਼ਨ ਦੀ ਕਾਰਜਕਰਨੀ ਨੇ ਜਿਸ ਵਕੀਲ ਪਾਸ ਇਹ ਮੁਨਸ਼ੀ ਲੱਗਿਆ ਸੀ, ਉਸ ਨੂੰ ਇਸ ਉੱਪਰ ਐਕਸ਼ਨ ਲੈਣ ਦੀ ਹਦਾਇਤ ਕੀਤੀ। ਇਸ ਤੋਂ ਬਾਅਦ ਅਵਤਾਰ ਸਿੰਘ ਨੂੰ ਕੰਮ ਤੋਂ ਹਟਾ ਦਿੱਤਾ ਗਿਆ ਸੀ। ਜਿਸ ਰੰਜ਼ਿਸ਼ ਕਾਰਨ ਉਕਤ ਕਥਿਤ ਦੋਸ਼ੀ ਨੇ ਆਪਣੇ ਸਾਥੀਆਂ ਸਮੇਤ ਘਟਨਾ ਨੂੰ ਅੰਜ਼ਾਮ ਦਿੱਤਾ। ਇਸ ਘਟਨਾ ਸਬੰਧੀ ਸਮੂਹ ਵਕੀਲ ਭਾਈਚਾਰਾ ਥਾਣਾ ਮਾਛੀਵਾੜਾ ਵਿਖੇ ਪੁੱਜਿਆ।

ਬਾਰ ਐਸੋਸ਼ੀਏਸ਼ਨ ਸਮਰਾਲਾ ਦੇ ਪ੍ਰਧਾਨ ਐਡਵੋਕੇਟ ਜਸਪ੍ਰੀਤ ਸਿੰਘ ਕਲਾਲਮਾਜਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਪਤਾ ਲੱਗਾ ਕਿ ਬਾਰ ਐਸੋਸੀਏਸ਼ਨ ਦੇ ਜੁਆਇੰਟ ਸਕੱਤਰ ਕਮਲਜੀਤ ਸਿੰਘ ਭੰਗੂ ਨਾਲ ਇੱਕ ਘਟਨਾ ਵਾਪਰੀ ਹੈ, ਜਿਸ ਵਿੱਚ ਤਿੰਨ ਨੌਜਵਾਨਾਂ ਨੇ ਉਨ੍ਹਾਂ ਦੀ ਗੱਡੀ ਨੂੰ ਰਸਤੇ 'ਚ ਘੇਰ ਜਾਨਲੇਵਾ ਹਮਲਾ ਕਰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਦੂਜੇ ਪਾਸੇ ਥਾਣਾ ਮੁਖੀ ਮਾਛੀਵਾੜਾ ਪਵਿੱਤਰ ਸਿੰਘ ਨੇ ਦੱਸਿਆ ਕਿ ਉਕਤ ਐਡਵੋਕਟ ਭੰਗੂ ਨਾਲ ਹੋਈ ਘਟਨਾ ਸਬੰਧੀ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਤੇ ਵਾਰਦਾਤ ਨੂੰ ਅੰਜ਼ਾਮ ਦੇਣ ਵਾਲਿਆਂ 'ਚੋਂ ਇੱਕ ਵਿਅਕਤੀ ਦੀ ਪਹਿਚਾਣ ਵੀ ਹੋਈ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਅਵਤਾਰ ਸਿੰਘ ਜੋ ਸਮਰਾਲਾ ਵਿਖੇ ਇੱਕ ਐਡਵੋਕੇਟ ਕੋਲ ਮੁਨਸ਼ੀ ਦਾ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਇੱਕ ਵਿਕਅਤੀ ਸਮੇਤ 3 ਅਣਪਛਾਤਿਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਕਾਤਰਾਂ

ਸ਼ੋਕ ਸਮਾਚਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਵ. ਅਮਨਦੀਪ ਸਿੰਘ ਨਾਗਪਾਲ ਦਾ 2 ਫਰਵਰੀ 2026 ਨੂੰ ਦਿਹਾਂਤ ਹੋ ਗਿਆ ਸੀ, ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 10 ਫਰਵਰੀ ਮੰਗਲਵਾਰ ਨੂੰ ਪਿੰਡ ਅੱਛੇ ਹਾਕੇ ਵਾਲਾ, ਗੁਰਦੁਆਰਾ ਸਾਹਿਬ, ਜ਼ਿਲ੍ਹਾ ਫਿਰੋਜ਼ਪੁਰ ਦੁਪਹਿਰ 1 ਵਜੇ ਹੋਵੇਗੀ।

19ਵਾਂ ਵਿਰਾਸਤ ਮੇਲਾ ਜੈਪਾਲਗੜ੍ਹ ਵਿਖੇ 13 ਤੋਂ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ 19ਵਾਂ ਵਿਰਾਸਤ ਮੇਲਾ 2026 ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ 13 ਤੋਂ 15 ਮਾਰਚ ਤੱਕ ਕਰਾਇਆ ਜਾਵੇਗਾ।ਮੇਲੇ ਦੌਰਾਨ ਸੱਭਿਆਚਾਰਕ ਗਤੀਵਿਧੀਆਂ, ਪਤੰਗਬਾਜ਼ੀ, ਰਵਾਇਤੀ ਪਕਵਾਨ, ਲੋਕ ਨਾਚ ਆਦਿ ਦੇ ਨਾਲ ਨਾਲ ਗਾਇਕ ਰਣਜੀਤ ਬਾਵਾ ਤੇ ਕੰਵਰ ਗਰੇਵਾਲ ਖਿੱਚ ਦਾ ਕੇਂਦਰ ਰਹਿਣਗੇ।ਡਿਪਟੀ ਕਮਿਸ਼ਨਰ ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਨੇ ਮੇਲਾ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਦੀ ਪ੍ਰਧਾਨਗ ਕਰਦਿਆਂ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਸੱਭਿਆਚਾਰਕ ਮੇਲੇ ਦੌਰਾਨ ਪੰਜਾਬੀ ਸੱਭਿਆਚਾਰ, ਪੁਰਾਤਨ ਵਿਰਾਸਤ ਤੇ ਰਵਾਇਤਾਂ ਨੂੰ ਉਤਸ਼ਾਹਤ ਕਰਨ ਲਈ ਗਤੀਵਿਧੀਆਂ ਕਰਵਾਈਆਂ ਜਾਣਗੀਆਂ।ਮੇਲੇ 'ਚ ਰਵਾਇਤੀ ਖੇਡਾਂ, ਲੋਕ ਨਾਚ ਤੇ ਪੰਜਾਬੀ ਵਿਰਸੇ ਦੀਆਂ ਵੱਖ-ਵੱਖ ਵੰਨਗੀਆਂ ਪ੍ਰਦਰਸ਼ਤ ਕੀਤੀਆਂ ਜਾਣਗੀਆਂ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੇਲੇ 'ਚ ਹੋਰਨਾਂ ਸੂਬਿਆਂ ਤੋਂ ਵੀ ਸੱਭਿਆਚਾਰਕ ਟ

8 Feb Page 6.qxd 2/7/2026 10:23 PM Page 1

ਹਰੀਪੁਰ ਖਾਲਸਾ ਸਕੂਲ 'ਚ ਅੰਗਰੇਜ਼ੀ ਟੀਚਰ ਦੇ ਮਾਮਲੇ ਨੂੰ ਲੈ ਕੇ ਰੋਸ ਪ੍ਰਦਰਸ਼ਨ

ਫਿਲੌਰ (ਨਿਰਮਲ)- ਫਿਲੌਰ ਦੇ ਨਜ਼ਦੀਕੀ ਪਿੰਡ ਹਰੀਪੁਰ ਖਾਲਸਾ ਦੇ ਸਰਕਾਰੀ ਸਕੂਲ ਚ ਅੰਗਰੇਜ਼ੀ ਦੇ ਅਧਿਆਪਕ ਨੂੰ ਲੈਣ ਕੇ ਸਕੂਲ ਕਮੇਟੀ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਰੋਡ

ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਕੂਲ ਕਮੇਟੀ ਦੇ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਜ਼ੋ ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਦੀ ਹੈ ਉਹ ਸਿੱਖਿਆ ਕ੍ਰਾਂਤੀ ਪੰਜਾਬ ਚ ਫੇਲ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਬੱਚੇ ਸਕੂਲ ਚ ਪੜਦੇ ਹਨ ਅਤੇ ਹੁਣ ਫਾਈਨਲ ਪੇਪਰਾਂ ਦਾ ਸਮਾ ਹੈਂ ਪਰ ਸਕੂਲ ਵਿੱਚੋਂ ਅੰਗਰੇਜ਼ੀ ਅਧਿਆਪਕ ਆਰਜ਼ੀ ਤੌਰ ਤੇ ਸੰਗਰੂਰ ਵਿਖੇ ਡਿਊਟੀ ਲਗਾ ਕੇ ਚਲੀ ਗਈ ਹੈ ਜਿਸ ਕਾਰਨ ਬੱਚਿਆਂ ਦੀ ਪੜਾਈ ਨਾ ਹੋਣ ਕਾਰਨ ਬੱਚਿਆਂ ਦੀ ਪੜਾਈ ਦਾ ਨੁਕਸਾਨ ਹੋਵੇਗਾ ਉਨ੍ਹਾਂ ਮੰਗ ਕੀਤੀ ਕਿ ਸਕੂਲ ਚ ਅਧਿਆਪਕ ਜਲਦ ਤੋਂ ਜਲਦ ਭੇਜਿਆ ਜਾਵੇ ਨਹੀਂ ਤਾਂ ਸਕੂਲ ਨੂੰ ਜਿੰਦਰਾ ਲਗਾ ਕੇ ਸਕੂਲ ਬੰਦ ਕਰ ਦਿੱਤਾ ਜਾਵੇਗਾ। ਇਸ ਮੌਕੇ ਸਕੂਲ ਮੁੱਖੀ ਨੇ ਕਿਹਾ ਕਿ ਇਹ ਸਰਕਾਰੀ ਫਰਮਾਨ ਹੈ ਸਾਡਾ ਇਸ ਵਿੱਚ ਕੋਈ ਰੋਲ ਨਹੀਂ ਹੈ ਅਸੀਂ ਆਪਣੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਧਿਆਨ ਚ ਲਿਆ ਦਿੱਤਾ ਹੈ, ਇਸ ਮੌਕੇ ਆਤਮਾ ਰਾਮ ਪ੍ਰਿੰਸੀਪਲ ਬੀ ਐਮ ਓ ਨੇ ਕਿਹਾ ਡੀ ਓ ਗੁਰਿੰਦਰਜੀਤ ਕੌਰ ਨਾਲ ਗੱਲ ਕੀਤੀ ਹੈ ਉਹ ਇਕ ਹਫਤੇ ਚ ਕੋਈ ਟੀਚਰ ਭੇਜ ਦੇਣਗੇ, ਮਾਪਿਆਂ ਨੇ ਜਦੋਂ ਤੱਕ ਲਿਖਤੀ ਰੂਪ ਚ ਸਿੱਖਿਆ ਵਿਭਾਗ ਲਿਖਕੇ ਨਹੀਂ ਦਿੰਦਾ ਧਰਨਾ ਜਾਰੀ ਰਹੇਗਾ ਤੇ ਸਿੱਖਿਆ ਵਿਭਾਗ ਵਲੋਂ ਲਿਖਤੀ ਰੂਪ ਦੇਣ ਤੇ ਧਰਨਾ ਚੁੱਕਿਆ, ਇਸ ਮੌਕੇ ਕੁਲਵਿੰਦਰ ਸਿੰਘ ਸਰਪੰਚ, ਮੱਖਣ ਸਿੰਘ ਕਲਸੀ, ਮੱਖਣ ਸਿੰਘ, ਘੋਲਾ, ਕੁਲਦੀਪ ਕੁਮਾਰ, ਜਸਵਿੰਦਰ ਕੌਰ, ਅਮਨਦੀਪ ਕੌਰ, ਨਿਰਮਲ ਕੌਰ, ਲਾਡੀ, ਉਕਾਰ ਮਹਿਮੀ ਤੇ ਬੱਚਿਆਂ ਦੇ ਮਾਪੇ ਪਿੰਡ ਵਾਸੀ ਭਾਰੀ ਗਿਣਤੀ ਚ ਹਾਜਰ ਸਨ।

ਸਾਈਡ ਪੰਜਵਾਂ ਫੁੱਟਬਾਲ ਟੂਰਨਾਮੈਂਟ ਅੱਜ ਤੋਂ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਦਿਹਾਣਾ ਵਿਖੇ ਸਤਿਗੁਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ ਗਦਰੀ ਬਾਬੇ ਸਪੋਰਟਸ ਕਲੱਬ ਦਿਹਾਣਾ, ਗ੍ਰਾਮ ਪੰਚਾਇਤ, ਐਨਆਰਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਸੈਵਨ ਸਾਈਡ ਸਲਾਨਾ ਪੰਜਵਾਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 08 ਫਰਵਰੀ ਤੋਂ 15 ਫਰਵਰੀ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ, ਸਤਵੀਰ ਸਿੰਘ ਦਿਹਾਣਾ ਤਰਲੋਚਨ ਸਿੰਘ, ਨਵਜੋਤ ਸਿੰਘ, ਸੰਦੀਪ ਸਿੰਘ, ਪਰਮਦੀਪ ਸਿੰਘ ਪੰਚ, ਸੰਨੀ ਸੈਣੀ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 08 ਫਰਵਰੀ ਨੂੰ ਪਿੰਡ ਦੇ ਪੱਤਵੰਤੇ ਸੱਜਣ ਸਲਾਨਾ 05ਵੇਂ 07 ਸਾਈਡ ਦਾ ਸ਼ਾਨਦਾਰ ਟੂਰਨਾਮੈਂਟ ਦਾ ਉਦਘਾਟਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਉਪਨ ਵਰਗ ਦੀਆਂ 32 ਟੀਮਾਂ ਅਤੇ 50 ਕਿਲੋਗ੍ਰਾਮ ਦੀਆਂ 16ਟੀਮਾ 11ਸਾਈਡ ਹਿੱਸਾ ਪੁੱਜ ਰਹੀਆਂ ਹਨ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 15 ਫਰਵਰੀ ਨੂੰ ਫਾਈਨਲ ਵਾਲੇ ਦਿਨ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਦਿਲ ਖਿੱਚਵੇ ਇਨਾਮ ਦਿੱਤੇ ਜਾਣਗੇ। ਸੋ ਇਲਾਕਾ ਨਿਵਾਸੀ ਖੇਡ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸਲਾਨਾ ਫੁੱਟਬਾਲ ਟੂਰਨਾਮੈਂਟ ਵਿੱਚ ਪੁੱਜ ਕੇ ਰੌਣਕ ਨੂੰ ਵਧਾਓ।

ਬੈਂਸ ਨੇ ਮਨੀਸ਼ ਸਿਸੋਦੀਆ ਸਮੇਤ ਸ਼੍ਰੀਮਦ ਭਾਗਵਤ ਕਥਾ 'ਚ ਕੀਤੀ ਸ਼ਮੂਲੀਅਤ

ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ) ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅੱਜ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਸਥਿਤ ਕੋਟਲਾ ਕਲਾਂ ਵਿਖੇ ਰਾਸ਼ਟਰੀ ਸੰਤ ਬਾਬਾ ਬਾਲ ਜੀ ਮਹਾਰਾਜ ਦੇ ਆਸ਼ਰਮ ਪਹੁੰਚੇ, ਜਿੱਥੇ ਉਨ੍ਹਾਂ ਨੇ ਚੱਲ ਰਹੀ ਪਵਿੱਤਰ ਸ਼੍ਰੀਮਦ ਭਾਗਵਤ ਕਥਾ ਵਿੱਚ ਭਾਗ ਲਿਆ। ਇਸ ਆਤਮਿਕ ਮੌਕੇ 'ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਪੰਜਾਬ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਨਾਲ ਮਿਲ ਕੇ ਪਵਿੱਤਰ ਕਥਾ ਸਰਵਣ ਕੀਤੀ। ਸ੍ਰ.ਹਰਜੋਤ ਸਿੰਘ ਬੈਂਸ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਕਥਾ ਦਾ ਹਿੱਸਾ ਬਣਨਾ ਉਨ੍ਹਾਂ ਲਈ ਵੱਡੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਮਾਨਵਤਾ ਦੇ ਕਲਿਆਣ ਵਿਚ ਇਨ੍ਹਾਂ ਧਾਰਮਿਕ ਗ੍ਰੰਥਾ ਦੀ ਵੱਡੀ ਭੂਮਿਕਾ ਹੈ। ਭਾਗਵਤ ਨੇ ਸੰਸਾਰ ਨੂੰ ਯੁੱਗਾ-ਯੁੱਗਾ ਤੋ ਨਵੀ ਰੋਸ਼ਨੀ ਵਿਖਾਈ ਹੈ, ਉਨ੍ਹਾਂ ਨੇ ਕਿਹਾ ਕਿ ਵੈਦਿਕ ਸੰਸਕ੍ਰਿਤੀ ਅਤੇ ਪਵਿੱਤਰ ਆਦਿ ਧਾਰਮਿਕ ਗ੍ਰੰਥਾਂ ਜਿੱਥੇ ਕੁੱਲ ਸੰਸਾਰ ਨੂੰ ਨਵੀ ਸੇਧ ਦੇ ਰਹੇ ਹਨ ਉਥੇ ਮਹਾਪੁਰਸ਼ਾ ਵਲੋ ਵੀ ਇਨ੍ਹਾਂ ਗ੍ਰੰਥਾਂ ਬਾਰੇ ਵਿਆਖਿਆ ਕਰਕੇ ਮਾਨਵਤਾ ਦਾ ਜੀਵਨ ਸਫਲ ਬਣਾਇਆ ਜਾ ਰਿਹਾ ਹੈ। ਇਸ ਪਵਿੱਤਰ ਅਵਸਰ 'ਤੇ ਕੈਬਨਿਟ ਮੰਤਰੀ ਅਤੇ ਪੰਜਾਬ ਇੰਚਾਰਜ ਨੇ ਰਾਧਾ-ਕ੍ਰਿਸ਼ਨ ਮੰਦਰ ਵਿੱਚ ਮੱਥਾ ਟੇਕਿਆ, ਅਰਦਾਸ ਕਰਕੇ ਲੋਕਾਂ ਦੀ ਸ਼ਾਂਤੀ, ਖੁਸ਼ਹਾਲੀ ਅਤੇ ਭਲਾਈ ਲਈ ਪ੍ਰਭੂ ਕੋਲੋਂ ਅਸੀਸਾਂ ਮੰਗੀਆਂ। ਇਸ ਦੌਰਾਨ ਉਨ੍ਹਾਂ ਨੇ ਆਸ਼ਰਮ ਵਿੱਚ ਹਾਜ਼ਰੀ ਭਰਦਿਆਂ ਰਾਸ਼ਟਰੀ ਸੰਤ ਬਾਬਾ ਬਾਲ ਜੀ ਮਹਾਰਾਜ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਨਮਨ ਕੀਤਾ, ਜਿਨ੍ਹਾਂ ਦੇ ਉਪਦੇਸ਼ ਲੋਕਾਂ ਨੂੰ ਏਕਤਾ ਅਤੇ ਆਤਮਿਕ ਚੇਤਨਾ ਨਾਲ ਜੋੜਦੇ ਹਨ। ਸ੍ਰ.ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਜਿਹੇ ਆਤਮਿਕ ਸਮਾਗਮ ਸਮਾਜਕ ਸਦਭਾਵਨਾ ਮਜ਼ਬੂਤ ਕਰਨ ਅਤੇ ਅੰਦਰੂਨੀ ਜਾਗਰੂਕਤਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਮਹਿੰਦਵਾਣੀ ਗੁੱਜਰਾਂ 'ਚ ਔਰਤ ਦਾ ਗੋਲੀਆਂ ਮਾਰ ਕੇ ਕਤਲ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਥਾਣਾ ਗੜ੍ਹਸ਼ੰਕਰ ਵਿਚ ਪੈਂਦੇ ਬੀਤ ਇਲਾਕੇ ਦੇ ਪਿੰਡ ਮੈਹਿੰਦਵਾਣੀ ਗੁੱਜਰਾਂ ਵਿਚ ਅੱਜ ਸਵੇਰੇ ਤੜਕਸਾਰ ਇਕ ਬਜ਼ੁਰਗ ਮਹਿਲਾ ਰਚਨਾਂ ਦੇਵੀ ਪਤਨੀ ਸ਼ਾਮ ਲਾਲ ਦੀ ਗੋਲੀਆਂ ਮਾਰ ਕੇ ਕਤਲ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਰਚਨਾ ਦੇਵੀ ਸਵੇਰੇ ਧਾਰਮਿਕ ਸਥਾਨ ਤੇ ਮੱਥਾ ਟੇਕ ਕੇ ਵਾਪਸ ਜਾ ਰਹੀ ਸੀ ਕਿ ਰਸਤੇ ਵਿਚ ਮੋਟਰਸਾਈਕਲ ਸਵਾਰ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਮਹਿਲਾ ਦੀ ਹੱਤਿਆ ਕਰ ਦਿੱਤੀ। ਦੱਸਣਯੋਗ ਹੈ ਕਿ

ਮ੍ਰਿਤਕਾ ਔਰਤ ਦਾ ਪਤੀ ਪੁਲਿਸ ਵਿਭਾਗ ਤੋਂ ਸੇਵਾ ਮੁਕਤ ਕਰਮਚਾਰੀ ਹੈ। ਪੁਲਿਸ ਨੇ ਮੌਕੇ ਤੇ ਪਹੁੰਚ ਕੇ ਲਾਸ਼ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਚ ਭੇਜ ਦਿੱਤੀ ਹੈ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਹਿਲਾ ਨੂੰ ਤਿੰਨ ਗੋਲੀਆਂ ਲੱਗੀਆਂ ਦੱਸੀਆਂ ਜਾਂਦੀਆਂ ਹਨ। ਚੌਕੀ ਇੰਚਾਰਜ ਬੀਣੇਵਾਲ ਏਐਸਆਈ ਉਕਾਰ ਸਿੰਘ ਨੇ ਦੱਸਿਆ ਕਿ ਕਾਤਲ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਲਦੀ ਉਸ ਨੂੰ ਕਾਬੂ ਕਰ ਲਿਆ ਜਾਵੇਗਾ।

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ ਵਿਆਪਕ ਨਿੱਜੀ ਸੰਪਰਕ ਪ੍ਰੋਗਰਾਮ

ਜਲੰਧਰ (ਸ਼ੈਲੀ ਐਲਬਰਟ) ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਆਪਣੇ ਦੂਰੀ ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਵਿੱਚ ਅਕਾਦਮਿਕ ਉੱਤਮਤਾ ਅਤੇ ਸੰਕਲਪਿਕ ਸਪੱਸ਼ਟਤਾ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਸੁਚੱਜੇ ਢੰਗ ਨਾਲ ਚਾਰ ਹਫ਼ਤਿਆਂ ਦਾ ਨਿੱਜੀ ਸੰਪਰਕ ਪ੍ਰੋਗਰਾਮ ਪੂਰਾ ਕੀਤਾ। ਲਗਭਗ 150 ਤਜਰਬੇਕਾਰ ਫੈਕਲਟੀ ਮੈਂਬਰਾਂ ਨੇ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ, 300 ਤੋਂ ਵੱਧ ਕੋਰਸਾਂ ਨੂੰ ਕਵਰ ਕਰਨ ਵਾਲੇ ਇੰਟਰਐਕਟਿਵ ਅਤੇ ਜਾਣਕਾਰੀ ਭਰਪੂਰ ਸੈਸ਼ਨ ਪ੍ਰਦਾਨ ਕੀਤੇ। ਅਧਿਆਪਨ ਯੋਜਨਾਵਾਂ ਦੇ ਅਧਾਰ ਤੇ ਤਿਆਰ ਕੀਤੇ ਗਏ, ਇਹਨਾਂ ਸੈਸ਼ਨਾਂ ਨੇ ਸਿਲੇਬਸ ਨੂੰ ਵਿਆਪਕ ਤੌਰ ਤੇ ਕਵਰ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਬੰਧਤ ਵਿਸ਼ਿਆਂ ਦੀ ਪੂਰੀ ਸਮਝ ਪ੍ਰਾਪਤ ਕਰਨ ਵਿੱਚ ਮਦਦ ਮਿਲੀ। ਵੱਖ-ਵੱਖ ਭੂਗੋਲਿਕ ਖੇਤਰਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਭਾਗੀਦਾਰਾਂ ਨੇ ਐਲਪੀਯੂ ਦੇ ਵਿਸ਼ਾ ਮਾਹਿਰਾਂ ਦੁਆਰਾ ਪ੍ਰਦਾਨ ਕੀਤੀ ਗਈ ਵਿਅਕਤੀਗਤ ਅਕਾਦਮਿਕ ਸਲਾਹ ਤੋਂ ਬਹੁਤ ਲਾਭ ਉਠਾਇਆ, ਜਿਸ ਨੇ ਨਿੱਜੀ ਸਵਾਲਾਂ ਨੂੰ ਹੱਲ ਕਰਨ, ਸੰਕਲਪਿਕ ਨੀਂਹਾਂ ਨੂੰ ਮਜ਼ਬੂਤ ਕਰਨ ਅਤੇ ਸਮੁੱਚੇ ਸਿੱਖਣ ਦੇ ਨਤੀਜਿਆਂ ਨੂੰ ਵਧਾਉਣ ਵਿੱਚ ਮਦਦ ਕੀਤੀ। ਵਿਦਿਆਰਥੀਆਂ ਨੇ ਇਸਦੇ ਉੱਚ ਅਧਿਆਪਨ ਮਿਆਰਾਂ ਅਤੇ ਸਿਖਿਆਰਥੀ-ਕੇਂਦ੍ਰਿਤ ਪਹੁੰਚ ਲਈ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ। ਪੀਸੀਪੀ ਵਿੱਚ ਪ੍ਰਬੰਧਨ, ਕੰਪਿਊਟਰ ਐਪਲੀਕੇਸ਼ਨ, ਸੂਚਨਾ ਤਕਨਾਲੋਜੀ, ਵਣਜ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ, ਅਰਥ ਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਪੰਜਾਬੀ, ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਸਮਾਜ ਸ਼ਾਸਤਰ ਸਮੇਤ ਵੱਖ-ਵੱਖ ਵਿਸ਼ਿਆਂ ਵਿੱਚ ਅੰਡਰਗ੍ਰੈਜੁਏਟ, ਪੋਸਟ ਗ੍ਰੈਜੁਏਟ ਅਤੇ ਡਿਪਲੋਮਾ ਪ੍ਰੋਗਰਾਮ ਸ਼ਾਮਲ ਸਨ। ਇਸ ਪ੍ਰੋਗਰਾਮ ਨੇ ਵਿਭਿੰਨ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ, ਜਿਨ੍ਹਾਂ ਵਿੱਚ ਕੰਮ ਕਰਨ ਵਾਲੇ ਪੇਸ਼ੇਵਰ ਅਤੇ ਸਰਕਾਰੀ ਕਰਮਚਾਰੀ ਸ਼ਾਮਲ ਸਨ, ਜਿਨ੍ਹਾਂ ਨੇ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਹੋਏ ਆਪਣੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਨੂੰ ਸਫਲਤਾਪੂਰਵਕ ਸੰਤੁਲਿਤ ਕੀਤਾ। ਇਸ ਪਹਿਲਕਦਮੀ ਦੀ ਸਫਲਤਾ ਨੂੰ ਉਜਾਗਰ ਕਰਦੇ ਹੋਏ, ਸੈਂਟਰ ਫਾਰ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਨੇ ਨਵੀਨਤਾਕਾਰੀ ਅਤੇ ਸਮਾਵੇਸ਼ੀ ਵਿਦਿਅਕ ਅਭਿਆਸਾਂ ਰਾਹੀਂ ਸਿਖਿਆਰਥੀਆਂ ਨੂੰ ਸਸ਼ਕਤ ਬਣਾਉਣ ਲਈ ਐਲਪੀਯੂ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਜਨਵਰੀ-ਫਰਵਰੀ 2026 ਸੈਸ਼ਨ ਲਈ ਐਲਪੀਯੂ ਦੇ ਦੂਰੀ ਸਿੱਖਿਆ ਪ੍ਰੋਗਰਾਮਾਂ - ਐਮਬੀਏ, ਬੀਬੀਏ, ਡੀਬੀਏ, ਐਮਸੀਏ, ਬੀਸੀਏ, ਡੀਸੀਏ, ਐਮਐਸਸੀ (ਆਈਟੀ), ਬੀਐਸਸੀ (ਆਈਟੀ), ਐਮ.ਕਾਮ, ਬੀ.ਕਾਮ, ਐਮ.ਐਸਸੀ (ਅਰਥਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਇਤਿਹਾਸ, ਗਣਿਤ, ਰਾਜਨੀਤੀ ਵਿਗਿਆਨ, ਸਮਾਜ ਸ਼ਾਸਤਰ, ਪੰਜਾਬੀ), ਬੀਏ, ਐਮਐਲਆਈਐਸ, ਬੀਐਲਆਈਐਸ, ਅਤੇ ਡੀਐਲਆਈਐਸ - ਲਈ ਦਾਖਲੇ ਇਸ ਸਮੇਂ ਖੁੱਲ੍ਹੇ ਹਨ।

14 ਨੂੰ ਕੰਪਿਊਟਰ ਅਧਿਆਪਕ ਵਿੱਤ ਮੰਤਰੀ ਦੀ ਕੋਠੀ ਦਾ ਕਰਨਗੇ ਘਿਰਾਓ

ਜਲੰਧਰ (ਰਾਜੇਸ਼ ਥਾਪਾ)- ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਬੈਨਰ ਹੇਠ 14 ਫਰਵਰੀ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ ਘਿਰਾਓ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨਤਾਰਨ ਦੀ ਅਗਵਾਈ ਹੇਠ ਕੀਤਾ ਜਾਵੇਗਾ। ਇਹ ਜਾਣਕਾਰੀ ਜ਼ਿਲ੍ਹਾ ਜਲੰਧਰ ਪ੍ਰਧਾਨ ਰਮਨ ਕੁਮਾਰ ਅਤੇ ਹਰਜਿੰਦਰ ਮਹਿਸਮਪੁਰ ਸੂਬਾ ਕਮੇਟੀ ਪ੍ਰੈੱਸ ਸਕੱਤਰ ਨੇ ਸਾਂਝੇ ਤੌਰ 'ਤੇ ਦਿੱਤੀ। ਉਨ੍ਹਾਂ ਕਿਹਾ ਕਿ ਕੰਪਿਊਟਰ ਅਧਿਆਪਕਾਂ ਪ੍ਰਤੀ ਆਪਣਾਏ ਜਾ ਰਹੇ ਭੇਦ ਭਾਵ ਦੇ ਵਤੀਰੇ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਬਾਅਦ ਲਗਭਗ 80 ਦੇ ਕਰੀਬ ਮੀਟਿੰਗਾਂ ਸਬ-ਕਮੇਟੀ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਅਤੇ ਵਿੱਤ ਵਿਭਾਗ ਦੇ ਆਲਾ ਅਫਸਰਾਂ ਨਾਲ ਜਥੇਬੰਦੀ ਵੱਲੋਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਜਥੇਬੰਦੀ ਦੇ ਪੱਲੇ ਲਾਰਿਆਂ ਤੋਂ ਸਿਵਾਏ ਕੁੱਝ ਨਹੀਂ ਪਿਆ। ਉਂਝ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਕੰਪਿਊਟਰ ਅਧਿਆਪਕਾਂ ਨੂੰ 2022 ਦੀ ਦੀਵਾਲੀ 'ਤੇ ਪੂਰਨ ਰੂਪ ਵਿੱਚ ਸਿਵਲ ਸੇਵਾਵਾਂ ਦੇ ਨਿਯਮ ਅਤੇ 6ਵਾਂ ਤਨਖਾਹ ਕਮਿਸ਼ਨ ਦੀਵਾਲੀ ਤੋਂ ਪਹਿਲਾਂ ਲਾਗੂ ਕਰਨ ਦਾ ਐਲਾਨ ਅਖਬਾਰਾਂ, ਸੋਸ਼ਲ ਮੀਡੀਆ ਅਤੇ ਆਪਣੀ ਆਮ ਆਦਮੀ ਪਾਰਟੀ ਦੇ ਵੱਖ-ਵੱਖ ਮੰਚਾਂ ਤੋਂ ਕੀਤਾ ਸੀ।ਹੁਣ ਕੰਪਿਊਟਰ ਅਧਿਆਪਕਾਂ ਦੇ ਸਬਰ ਦਾ ਬੰਨ੍ਹ ਟੁੱਟ ਚੁੱਕਾ ਹੈ। ਜ਼ਿਕਰਯੋਗ ਹੈ ਮਾਨਯੋਗ ਹਾਈਕੋਰਟ ਪੰਜਾਬ ਨੇ ਕੰਪਿਊਟਰ ਅਧਿਆਪਕਾਂ ਨੂੰ ਸਰਕਾਰੀ ਮੁਲਾਜ਼ਮ ਮੰਨਦੇ ਹੋਏ ਇਨ੍ਹਾਂ ਤੇ ਪੰਜਾਬ ਦੇ ਸਿਵਲ ਸੇਵਾ ਨਿਯਮਾਂ ਨੂੰ ਲਾਗੂ ਕਰਨ ਲਈ ਕਿਹਾ ਸੀ ਪਰ ਪੰਜਾਬ ਸਰਕਾਰ, ਮਾਨਯੋਗ ਹਾਈਕੋਰਟ ਪੰਜਾਬ ਵੱਲੋਂ ਆਏ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਫੈਸਲਾ ਨੂੰ ਲਾਗੂ ਕਰਨ ਦੀ ਬਜਾਏ ਮਾਨਯੋਗ ਸੁਪਰੀਮ ਕੋਰਟ ਵਿਖੇ ਫੈਸਲੇ ਦੇ ਵਿਰੁੱਧ ਚੁਣੌਤੀ ਦਿੱਤੀ ਗਈ ਹੈ।ਜਥੇਬੰਦੀ ਵੱਲੋਂ ਸਪੱਸਟ ਕਰ ਦਿੱਤਾ ਗਿਆ ਹੈ ਕਿ ਜੇਕਰ ਸਰਕਾਰ ਜਲਦ ਤੋਂ ਜਲਦ ਕੰਪਿਊਟਰ ਅਧਿਆਪਕਾਂ ਦੇ ਮਸਲੇ ਹੱਲ ਕਰਕੇ ਲਾਗੂ ਨਹੀਂ ਕਰਦੀ ਤਾਂ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਰਾਜਸੀ ਸਮਾ

ਆਮ ਸੂਚਨਾ

ਮੈਂ ਹਰਦਿਆਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਮੁਸਤਫਾਬਾਦ ਜਿਲ੍ਹਾ ਗੁਰਦਾਸਪੁਰ ਨੇ ਆਪਣੇ ਲੜਕੇ ਹਰਜੀਤ ਸਿੰਘ ਅਤੇ ਨੂੰਹ ਰਮਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਸੰਨ 2021 ਵਿੱਚ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਮੈਂ ਇਨ੍ਹਾਂ ਦੀ ਬੇਦਖਲੀ ਵਾਪਸ ਲੈਂਦਾ ਹਾਂ । ਹੁਣ ਉਹ ਮੇਰੇ ਕਹਿਣੇ ਵਿੱਚ ਹਨ ਅਤੇ ਭਵਿੱਖ ਵਿੱਚ ਮੇਰੀ ਚੱਲ-ਅਚੱਲ ਜਾਇਦਾਦ ਦੇ ਪਹਿਲਾਂ ਵਾਂਗ ਹਿੱਸੇਦੰਦ ਵਾਰਸ ਹੋਣਗੇ ।

Public Notice

I, Bachiter Singh S/o Amrik Singh R/o Vill. Chhina Bet, P.O. Purana Shalla, Distt. Gurdaspur, Punjab, India, declare that my given name as Bachiter and my Surname as Singh.

I, Inderjit Singh S/o Sarabjit Singh R/o V.P.O. Khudda, Distt. Hoshiarpur, Tehsil Dasuya, Pin Code-144305, Punjab, India, declare that my given name as Inderjit and my Surname as Singh.

PUBLIC NOTICE

It is hereby notified that I, Taranpreet Kaur, daughter of S. Charanjeet Singh / Gurpreet Kaur, resident of H.No. L-4/197, Kot Atma Ram, Sultanwind Road, Amritsar, have lost my original Punjab School Education Board (Marksheet/ Passing Certificate) of Class X, Roll No. 1022406870, Year of Passing 2022, issued by the Punjab School Education Board (PSEB). If anyone find the same, kindly contact me at Mobile No. +91-9988190143 / Email – thecartels128482@gmail.com or return to my above address.

ਵੋਟਰ ਸੂਚੀ/ਲਿਸਟਾਂ ਪ੍ਰਵਾਨ ਕਰਨ ਸਬੰਧੀ ਇਤਰਾਜ ਦੇਣ ਸਬੰਧੀ ਨੋਟਿਸ

ਦੀ ਨਕੋਦਰ ਬਲਾਕ ਰੂਰਲ ਸਹਿਕਾਰੀ ਐਚ.ਬੀ. ਸਭਾ ਲਿਮ: ਨਕੋਦਰ ਤਹਿ. ਨਕੋਦਰ ਜਿਲ੍ਹਾ ਜਲੰਧਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਪ੍ਰਵਾਨਗੀ ਹਿੱਤ ਇਸ ਦਫਤਰ ਨੂੰ ਪ੍ਰਾਪਤ ਹੋਈ ਹੈ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਸ ਵੋਟਰ ਸੂਚੀ ਦੀ ਬਣਤਰ ਤੇ ਕੋਈ ਇਤਰਾਜ ਹੋਵੇ ਤਾਂ ਉਹ ਨਿਮਨ ਹਸਤਾਖਰ ਦੇ ਦਫਤਰ ਵਿਖੇ ਮਿਤੀ 23.02.2026 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜਾਂ ਦੀ ਸੁਣਵਾਈ ਮਿਤੀ 24.02.2026 ਨੂੰ ਦੁਪਹਿਰ 12.00 ਵਜੇ ਨਿਮਨ ਹਸਤਾਖਰ ਦੇ ਦਫਤਰ (ਤੀਸਰੀ ਮੰਜਿਲ, ਸਾਹਮਣੇ ਮੇਨ ਡਾਕਖਾਨਾ, ਜਲੰਧਰ) ਵਿਖੇ ਕੀਤੀ ਜਾਵੇਗੀ। ਇਤਰਾਜਕਰਤਾ ਖੁਦ ਸੁਣਵਾਈ ਸਮੇਂ ਹਾਜਰ ਆਉਣ। ਵੋਟਰ ਸੂਚੀ ਦੀ ਇੱਕ ਇੱਕ ਕਾਪੀ ਦੀ ਨਕੋਦਰ ਬਲਾਕ ਰੂਰਲ ਸਹਿਕਾਰੀ ਐਚ.ਬੀ. ਸਭਾ ਲਿਮ: ਨਕੋਦਰ ਤਹਿ. ਨਕੋਦਰ ਜਿਲ੍ਹਾ ਜਲੰਧਰ ਦੇ ਦਫਤਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਕੋਦਰ ਅਤੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਵੇਖੀ ਜਾ ਸਕਦੀ ਹੈ।

(ਗੁਰਵਿੰਦਰਜੀਤ ਸਿੰਘ) ਪੀ.ਸੀ.ਐਸ.-1
ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜਲੰਧਰ

COURT NOTICE

In the Court of
Ms. Parminder Pindu
Judicial Magistrate - 1st Class-12, Patiala
CNR No: PBPT03-003260-2024
Next Date : 06-04-2026
Shriram Finance Ltd.
VS
Baljeet Singh
Detail of offence :-
Notice To :
Baljeet Singh
S/o Bachan Singh R/o 40, St. No. 5, Near Peer Baba, Village Chaura, Tehsil and Distt. Patiala
In above titled case, the accused could not be served. It is ordered that accused should appear in person or through counsel on 06-04-2026 at 10:00 a.m.
For details logon to https://highcourtchd.gov.in/?mod=district_notice&district=patiala
Judicial Magistrate - 1st Class-12, Patiala
Dated, this day of 06-02-2026

COURT NOTICE

In the Court of
Ms. Parminder Pindu
Judicial Magistrate -1st Class-12, Patiala
CNR No: PBPT03-003261-2024
Next Date : 06-04-2026
Shriram Finance Ltd.
VS
Kuldeep Kaur
Detail of offence :-
Notice To :
Kuldeep Kaur
W/o Gian Singh R/o Village Dulladi, Tehsil Nabha, Distt. Patiala
In above titled case, the accused could not be served. It is ordered that accused should appear in person or through counsel on 06-04-2026 at 10:00 a.m.
For details logon to https://highcourtchd.gov.in/?mod=district_notice&district=patiala
Judicial Magistrate - 1st Class-12, Patiala
Dated, this day of 06-02-2026

COURT NOTICE

In the Court of
Ms. Parminder Pindu
Judicial Magistrate - 1st Class-12, Patiala
CNR No: PBPT03-003262-2024
Next Date : 21-04-2026
Shriram Finance Ltd.
VS
Jagsir Singh
Detail of offence :-
Notice To :
Jagsir Singh
S/o Jhanda Singh R/o Village Sangatpura, Lehragaga Distt. Sangrur
In above titled case, the accused could not be served. It is ordered that accused should appear in person or through counsel on 21-04-2026 at 10:00 a.m.
For details logon to https://highcourtchd.gov.in/?mod=district_notice&district=patiala
Judicial Magistrate - 1st Class-12, Patiala
Dated, this day of 06-02-2026

ਉੱਤਰ ਰੇਲਵੇ

ਈ-ਟੈਂਡਰ ਨੋਟਿਸ

ਭਾਰਤ ਦੇ ਰਾਸ਼ਟਰਪਤੀ ਵੱਲੋਂ ਸੀਨੀਅਰ ਡਵੀਜ਼ਨਲ ਮਕੈਨੀਕਲ ਇੰਜੀਨੀਅਰ, ਉੱਤਰ ਰੇਲਵੇ, (ਜੰਮੂ ਅਤੇ ਕਸ਼ਮੀਰ) ਹੇਠਾਂ ਦੱਸੇ ਕੰਮ ਲਈ ਓ. ਈ. ਐਮ. ਮੈਸਰਜ਼ ਕਮਿਨਸ ਇੰਡੀਆ ਲਿਮਟਿਡ ਪੁਣੇ ਦੇ ਅਧਿਕਾਰਤ ਵਿਕ੍ਰੇਤਾ ਮੈਸਰਜ਼ ਪਾਲ ਸਵਮ ਪਾਵਰ ਸਾਲਿਊਸ਼ਨਜ਼ ਪ੍ਰਾਈਵੇਟ ਲਿਮਟਿਡ, ਜੰਮੂ ਨੂੰ ਈ-ਟੈਂਡਰ ਸਿਸਟਮ ਰਾਹੀਂ ਸਿੰਗਲ ਟੈਂਡਰ ਦਾ ਸੱਦਾ ਦਿੰਦੇ ਹਨ।

ਕੰਮ ਦਾ ਨਾਂਅ	ਡੈਮੋ ਕਾਰ ਸ਼ੈਡ, ਬੜਗਾਮ 'ਚ 1600 ਹਾਰਸ ਪਾਵਰ ਡੇਮੂ ਡੀ. ਪੀ. ਸੀ. ਨੰ. 11145, 11147 ਤੇ 11148 ਦਾ ਕਮਿਸ਼ਨਿੰਗ ਕੰਮ
ਕੰਮ ਦੀ ਅੰਦਾਜ਼ਨ ਲਾਗਤ	39,36,811 ਰੁ. (ਸਿਰਫ਼ ਉੱਤਾਲੀ ਲੱਖ ਛੱਤੀ ਹਜ਼ਾਰ ਅੱਠ ਸੌ ਗਿਆਰਾਂ ਰੁਪਏ ਕੇਵਲ)
ਧਰੋਹਰ ਰਾਸ਼ੀ (ਬਿਆਨਾ ਰਾਸ਼ੀ)	78,700 ਰੁ. (ਸਿਰਫ਼ ਅਠੱਤਰ ਹਜ਼ਾਰ ਸੱਤ ਸੌ ਰੁਪਏ ਕੇਵਲ)
ਬੋਲੀ ਸ਼ੁਰੂ ਹੋਣ ਦੀ ਮਿਤੀ	www.ireps.gov.in ਅਨੁਸਾਰ
ਈ-ਟੈਂਡਰ ਦੀ ਸਮਾਪਤੀ ਦੀ ਮਿਤੀ ਤੇ ਸਮਾਂ	27.02.2026 ਨੂੰ ਬਾਅਦ ਦੁਪਹਿਰ 3 ਵਜੇ
ਈ-ਟੈਂਡਰ ਖੁਲ੍ਹਣ ਦੀ ਮਿਤੀ ਤੇ ਸਮਾਂ	27.02.2026 ਨੂੰ ਬਾਅਦ ਦੁਪਹਿਰ 3.30 ਵਜੇ
ਕੰਮ ਦੀ ਮਿਆਦ	2 ਮਹੀਨੇ
ਟੈਂਡਰ ਦੀ ਕਿਸਮ	ਸਿੰਗਲ ਟੈਂਡਰ (ਸਿੰਗਲ ਪੈਕੇਟ ਸਿਸਟਮ)
ਟੈਂਡਰ ਦੀ ਵੈਲਿਡਿਟੀ	ਟੈਂਡਰ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ ਤੋਂ 45 ਦਿਨ

ਟੈਂਡਰ ਨੰ. 01-2026-ਡੇਮੂ ਬੀ. ਡੀ. ਜੀ. ਐੱਮ., ਮਿਤੀ : 05.02.2026

410/2026

ਗਾਹਕਾਂ ਦੀ ਸੇਵਾਂ 'ਚ ਮੁਸਕਾਨ ਦੇ ਨਾਲ

ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : **ਬਖਸ਼ੋ ਰਾਣੀ** ਪਿਤਾ/ਪਤੀ ਦਾ ਨਾਮ : **ਕੁਲਵਿੰਦਰ ਪਾਲ**
ਪਤਾ: Village Pandori Jagir Teh Phillaur Distt Jalandhar,Village-Pandori Jagir / Tehsil - Sub-Tehsil-Nurmahal/District - Jalandhar, Punjab
ਉਪਰੋਕਤ ਧਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : **ਕਾਜਲ ਪਾਲ**
ਪੱਕਾ ਪਤਾ: Village Pandori Jagir Teh Phillaur Distt Jalandhar, Pandori Jagir, Sub-Tehsil-Nurmahal, Jalandhar, Punjab
ਉਮਰ/ਜਨਮ ਮਿਤੀ : 28-(26/12/1996)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 05-02-2026 ਨੂੰ ਜਾਰੀ ਹੋਇਆ।
ਨੰਬਰ 101/ਨੰਬਰ/ਰੀਡਰ ਮਤੀ 05.02.2026 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

OFFICE OF THE DISTRICT & SESSIONS JUDGE, AMRITSAR

TENDER NOTICE

Separate sealed Tenders are invited from reputed, competent and responsible outsource companies/organizations/agencies having sufficient experience in the maintenance and cleanliness of complexes for allotment of work contract for maintenance and cleanliness of respective Judicial Court Complexes at Amritsar, Ajnala and Baba Bakala Sahib as well as at New Judicial Record Room, Amritsar for the period from 01.03.2026 to 28.02.2027. The covered area and the open area for the purpose of maintenance and cleanliness of above said Judicial Court Complexes and New Judicial Record Room, Amritsar is given below:-

Sr. No.	Name of the Judicial Court Complex/ Building	Covered Area of Complex/Building (including entrance lounges, staircases/ramps, basement, corridors, rooms, toilets etc. which is required to be cleaned by Sweepers)	Open Area (Required to be cleaned by Sweepers including internal Roads of the Complex/Building etc.)
1.	Judicial Court Complex, Amritsar	139983.5 Sq. Ft. + 12 newly constructed make shift Court Rooms & Vulnerable Witness Deposition Centre, Amritsar	32938 Sq. Ft.
2.	New Judicial Record Room, Amritsar	55751 Sq. Ft.	17080 Sq. Ft.
3.	New Judicial Court Complex, Ajnala	39083.94 Sq. Ft. + 1 newly constructed make shift Court Room	240962 Sq. Ft.
4.	New Judicial Court Complex, Baba Bakala Sahib	51749 Sq. Ft. + 2 newly constructed make shift Court Rooms	165259 Sq. Ft.

Proper and efficient cleaning of the premises have to be done twice a day and on all days of the week except Sunday, on all the floors of the Court Complexes and New Judicial Record Room, Amritsar including entrance lounges, staircases/ramps, basement, corridors, rooms, toilets etc. and all sanitary fittings therein, cleaning of windows, dusting of Court Rooms, Doors, Windows, Panes, Grills, Terraces, Protections, removal of webs, sweeping of approaching passages and parks. Tenderer will be responsible for employment of adequate number of Sweepers alongwith One Supervisor at Amritsar, Ajnala and Baba Bakala Sahib. The detailed terms and conditions along with application form can be obtained free of cost from the office of undersigned on any working day by hand/by post by sending self-addressed adequately stamped envelope. Last date for receipt of Tenders will be **17.02.2026**. Tenders will be opened in the presence of contractors or their authorized representatives on **18.02.2026 at 02:00 PM**. This office will not take any responsibility for any postal delay and tenders received after due date will not be accepted. Any other information can be obtained from this office during working hours.

District & Sessions Judge
Amritsar

YES BANK

Registered and Corporate Office: YES BANK House, Off Western Express Highway, Santacruz East, Mumbai – 400055 India. **Website:** www.yesbank.in
Email: comminications@yesbank.in, **CIN:** L65190MH2003PLC143249
Regional Office At: 5th Floor, Max Tower, Sector 16B, Noida, U.P.- 201301

ਸਰਫੇਸੀ ਐਕਟ ਦੇ ਸੈਕਸ਼ਨ 13(2) ਅਧੀਨ ਨੋਟਿਸ ਦੀ ਪ੍ਰਕਾਸ਼ਨਾ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ) ਗਰੰਟਰ/(ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ), ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਘੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਬੈਂਕ ਵੱਲੋਂ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਪਰ ਉਹ ਬਿਨਾਂ ਤਾਮਲ ਵਾਪਸ ਆ ਗਏ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

ਲੜੀ ਨੰ.	ਖਾਤਾ ਨੰ.	ਕਰਜ਼ੇ ਦੀ ਕਿਸਮ	ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਰਹਿਣਕਾਰਾਂ ਦਾ ਨਾਂਅ	13(2) ਨੋਟਿਸ ਅਨੁਸਾਰ ਬਕਾਇਆ ਰਕਮ	ਐੱਮ ਪੀ ਏ ਮਿਤੀ	ਨੋਟਿਸ ਮਿਤੀ
1.	ਖਾਤਾ ਨੰ. MIC00230139751 0	ਮਾਇਕਰੋ ਲੈਪ ਮਿਆਦੀ ਕਰਜ਼ਾ ਸਹੂਲਤ	1. ਸ੍ਰੀਮਤੀ ਵੰਦਨਾ ਰਾਣੀ ਪਤਨੀ ਮਨੋਜ ਕੁਮਾਰ (ਕਰਜ਼ਦਾਰ ਅਤੇ ਰਹਿਣਕਾਰ) ਵਾਸੀ ਮਕਾਨ ਨੰਬਰ #79, ਗਲੀ #3, ਨੇੜੇ ਵੇਰਕਾ ਮਿਲਕ ਏਜੰਸੀ, ਜੈ ਸ਼ਕਤੀ ਨਗਰ, ਬਸਤੀ ਜੋਧੇਵਾਲ ਲੁਧਿਆਣਾ 141007 2. ਸ੍ਰੀ ਮਨੋਜ ਕੁਮਾਰ ਪੁੱਤਰ ਕੁਲਭੂਸ਼ਣ ਗੋਸਵਾਮੀ (ਸਹਿ-ਕਰਜ਼ਦਾਰ) ਮਕਾਨ ਨੰਬਰ #79, ਸੇਂਟ #3, ਨੇੜੇ ਵੇਰਕਾ ਮਿਲਕ ਏਜੰਸੀ ਨੇੜੇ ਜੈ ਸ਼ਕਤੀ ਨਗਰ, ਬਸਤੀ ਜੋਧੇਵਾਲ ਲੁਧਿਆਣਾ 141007	31-06-2026 ਨੂੰ ਰੁਪਏ 13,26,359/- (ਤੇਰਾਂ ਲੱਖ ਛੱਬੀ ਹਜ਼ਾਰ ਤਿੰਨ ਸੌ ਉਨਾਹਠ ਰੁਪਏ ਕੇਵਲ)	31/01/2026	05/02/2026
ਸਕਿਉਰਡ ਐਸਟਸ ਦਾ ਵੇਰਵਾ : ਪਲਾਟ # 79 ਰਕਬਾ ਖੇਤਰ 50 ਵਰਗ ਗਜ਼ ਜੋ ਕਿ ਖੱਤਾ ਨੰ. # 505/510 ਤੋਂ 513, ਖਸਰਾ # 278, 12//3, 4/1, 25//22,73//18/2, 9//17, 18/1, 23/2, 24,25//21, 12//4/2 ਜਮ੍ਹਾਂਬੰਦੀ ਸਾਲ 2010-2011 4265 (7-1) ਪਿੰਡ ਕੁਲੀਏਵਾਲ ਵਿਖੇ ਸਥਿਤ ਹੱਦਬਸਤ # 178 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਪੂਰਬ : ਗੁਆਂਢ, ਪੱਛਮ : ਗਲੀ 20' ਚੌੜੀ, ਉੱਤਰ : ਖਾਲੀ ਪਲਾਟ, ਦੱਖਣ : ਮਕਾਨ #78				
2.	ਖਾਤਾ ਨੰ. 13788 89000000 19	ਸਕਿਉਰਡ ਬਿਜ਼ਨਸ ਕਰਜ਼ਾ ਐਸ ਬੀ ਐੱਲ-ਡੀ ਓ ਡੀ ਕਰਜ਼ਾ ਸਹੂਲਤ	(1) ਮੈਸਰਜ਼ ਦੁਰਗਾ ਟਰੇਡਿੰਗ ਕੰਪਨੀ ਰਾਹੀਂ ਇਸਦੇ ਮਾਲਕ ਸ੍ਰੀ ਹੇਮੰਤ ਕੁਕਰੇਜਾ ਮਾਰਫਤ ਪ੍ਰੋਪ-84, ਨਵੀਂ ਸਬਜ਼ੀ ਮੰਡੀ ਨੇੜੇ ਰਾਧਾ ਸਵਾਮੀ ਡੇਰਾ, ਜਲੰਧਰ 144013, ਪੰਜਾਬ (ਕਰਜ਼ਦਾਰ) (2) ਸ੍ਰੀ ਹੇਮੰਤ ਕੁਮਾਰ ਕੁਕਰੇਜਾ ਪੁੱਤਰ ਜਗਨ ਨਾਥ ਵਾਸੀ ਮਕਾਨ #97/98, ਗੁਲਾਬ ਦੇਵੀ ਰੋਡ ਅਮਰ ਨਗਰ ਵੀਟੀਸੀ ਜਲੰਧਰ-1, ਜ਼ਿਲ੍ਹਾ ਜਲੰਧਰ 144008 (ਸਹਿ-ਕਰਜ਼ਦਾਰ-ਰਹਿਣਕਾਰ) (3) ਸ੍ਰੀਮਤੀ ਰਚਨਾ ਕੁਕਰੇਜਾ ਪਤਨੀ ਹੇਮੰਤ ਕੁਮਾਰ ਕੁਕਰੇਜਾ ਵਾਸੀ ਮਕਾਨ #97/98, ਗੁਲਾਬ ਦੇਵੀ ਰੋਡ ਅਮਰ ਨਗਰ, ਵੀਟੀਸੀ ਜਲੰਧਰ-1, ਜ਼ਿਲ੍ਹਾ ਜਲੰਧਰ 144008 (ਸਹਿ-ਕਰਜ਼ਦਾਰ) (4) ਮੋਕਸ਼ ਕੁਕਰੇਜਾ ਪੁੱਤਰ ਹੇਮੰਤ ਕੁਮਾਰ ਕੁਕਰੇਜਾ ਵਾਸੀ ਮਕਾਨ ਨੰਬਰ #97/98, ਗੁਲਾਬ ਦੇਵੀ ਰੋਡ ਅਮਰ ਨਗਰ ਵੀਟੀਸੀ ਜਲੰਧਰ-1, ਜ਼ਿਲ੍ਹਾ ਜਲੰਧਰ 144008 (ਸਹਿ-ਕਰਜ਼ਦਾਰ)	04-02-2026 ਨੂੰ ਰੁਪਏ 49,15,144/- (ਉਨੰਜਾ ਲੱਖ ਪੰਦਰਾਂ ਹਜ਼ਾਰ ਇੱਕ ਸ ਚੁਤਾਲੀ ਰੁਪਏ ਕੇਵਲ)	29/01/2026	05/02/2026
ਸਕਿਉਰਡ ਐਸਟਸ ਦਾ ਵੇਰਵਾ : ਗਿਰਵੀ ਜਾਇਦਾਦ ਸੰਬੰਧੀ ਸਭ ਕੁੱਝ ਜੋ ਕਿ ਮਕਾਨ # 96/97/98 ਰਕਬਾ 10 ਮਰਲੇ 46 ਵਰਗ ਫੁੱਟ, ਖਸਰਾ # 135, ਮਿੰਨ, 135 ਮਿੰਨ, 135 ਮਿੰਨ, ਵਾਕੀਆ ਅਮਰ ਨਗਰ ਵਿਖੇ ਸਥਿਤ, ਨੇੜੇ ਗੁਲਾਬ ਦੇਵੀ ਹਸਪਤਾਲ, ਜਲੰਧਰ । ਪੂਰਬ : ਸੜਕ 20' ਚੌੜੀ, ਪੱਛਮ : ਮਨਜੀਤ ਸਿੰਘ, ਉੱਤਰ : ਮਨਜਿੰਦਰ ਸੰਧੂ, ਦੱਖਣ : ਸੜਕ 15'				
3.	ਖਾਤਾ ਨੰ. MIC00710152198 6	ਮਾਇਕਰੋ ਲੈਪ ਮਿਆਦੀ ਕਰਜ਼ਾ ਸਹੂਲਤ	1. ਨਵਨੀਤ ਚਾਵਲਾ (ਸਹਿ-ਕਰਜ਼ਦਾਰ ਅਤੇ/ਜਾਂ ਰਹਿਣਕਾਰ) ਪੁੱਤਰ ਸੁਭਾਸ਼ ਚਾਵਲਾ, ਪਤਾ : 861 ਸੀ, ਆਦਰਸ਼ ਨਗਰ, ਫਗਵਾੜਾ, ਕਪੂਰਥਲਾ, ਪੰਜਾਬ-144401 2. ਰਸ਼ਮੀ ਚਾਵਲਾ (ਸਹਿ-ਕਰਜ਼ਦਾਰ) ਪਤਨੀ ਨਵਨੀਤ ਚਾਵਲਾ ਕੋਲ ਪਤਾ : 861 ਸੀ, ਆਦਰਸ਼ ਨਗਰ, ਫਗਵਾੜਾ, ਕਪੂਰਥਲਾ, ਪੰਜਾਬ-144401	02-02-2026 ਨੂੰ ਰੁਪਏ 14,07,430/- (ਚੌਦਾਂ ਲੱਖ ਸੱਤ ਹਜ਼ਾਰ ਚਾਰ ਸੌ ਤੀਹ ਰੁਪਏ ਕੇਵਲ)	13/06/2025	05/02/2026
ਸਕਿਉਰਡ ਐਸਟਸ ਦਾ ਵੇਰਵਾ : ਅਚੱਲ ਜਾਇਦਾਦ ਨਾਲ ਸੰਬੰਧ ਸਭ ਕੁੱਝ ਪਿੰਡ ਫਗਵਾੜਾ ਗਰਬੀ, ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ. 74, 3 ਮਰਲਾ ਪਲਾਟ 1/130 ਹਿੱਸਾ ਦੀ ਵੈਲਿਊ, 19 ਕਨਾਲ ਪਲਾਟ ਸਮੇਤ 10 ਮਰਲੇ ਦੇ ਰਜਿਸਟਰਡ ਨੰਬਰ ਵਾਲਾ, ਖਸਰਾ ਨੰਬਰ 3508 (3-8), 3509 (6-0), 4284/3507 (4-11), 4285/3510 (3-19), 4286/3510 (1-12), ਵਿਡਾ/5 ਢੱਡਾ ਘਾਟ : 415/578 ਨਵਨੀਤ ਚਾਵਲਾ ਦੀ ਮਲਕੀਅਤ। ਹੱਦਾਂ : ਪੂਰਬ : ਮਕਾਨ ਦਰਸ਼ਨ ਰਾਮ, ਪੱਛਮ : ਮਕਾਨ ਕਮਲਜੀਤ, ਉੱਤਰ : ਗਲੀ, ਦੱਖਣ : ਮਕਾਨ ਕਮਲਜੀਤ				
4.	ਖਾਤਾ ਨੰ. 6007361.	ਓਵਰ ਡਰਾਫਟ ਸਹੂਲਤ ਸਕਿਉਰਡ ਓਵਰ ਡਰਾਫਟ ਸਹੂਲਤ ਸੀ ਜੀ ਟੀ ਐੱਮ ਐੱਸ ਈ	(1) ਮੈਸਰਜ਼ ਵੋਹਰਾ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਰਤਨ ਲਾਲ ਵੋਹਰਾ ਪੁੱਤਰ ਸ੍ਰੀ ਅਮਰ ਨਾਥ, ਪਤਾ : ਵਿਕਾਸ ਨਗਰ, ਚੰਨੀ ਮਿਲ ਰੋਡ ਮੰਡੀ ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ ਪੰਜਾਬ-147301 ਨਾਲ ਹੀ : ਮਕਾਨ ਨੰ: 120, ਸੈਕਟਰ-21-ਸੀ, ਗੋਬਿੰਦਗੜ੍ਹ, ਮੰਡੀ ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ-147031 (ਕਰਜ਼ਦਾਰ) (2.) ਸ੍ਰੀ ਰਤਨ ਲਾਲ ਵੋਹਰਾ ਪੁੱਤਰ ਸ੍ਰੀ ਅਮਰ ਨਾਥ ਪਤਾ :- #55, ਵਿਕਾਸ ਨਗਰ, ਸੈਕਟਰ 1 ਬੀ, ਮੰਡੀ ਗੋਬਿੰਦਗੜ੍ਹ-147031 ਨਾਲ ਹੀ : ਮਕਾਨ ਨੰਬਰ 120, ਸੈਕਟਰ-21-ਸੀ, ਗੋਬਿੰਦਗੜ੍ਹ, ਮੰਡੀ ਗੋਬਿੰਦਗੜ੍ਹ, ਫਤਿਹਗੜ੍ਹ ਸਾਹਿਬ-147031 (ਸਹਿ-ਕਰਜ਼ਦਾਰ/ਗਰੰਟਰ) 3. ਸ੍ਰੀ ਰਾਹੁਲ ਵੋਹਰਾ ਪੁੱਤਰ ਸ੍ਰੀ ਰਤਨ ਲਾਲ ਵੋਹਰਾ ਪਤਾ : #55, ਵਿਕਾਸ ਨਗਰ, ਸੈਕਟਰ 1 ਬੀ, ਮ

8 Feb Page 8.qxd 2/7/2026 10:20 PM Page 1

12 ਨੂੰ ਹੜਤਾਲ ਪਿੱਛੋਂ ਸਮੂਹ ਮੁਲਾਜ਼ਮਾਂ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ

ਜਲੰਧਰ (ਰਾਜੇਸ਼ ਬਾਪਾ)- ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਆਮ ਲੋਕਾਂ, ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਕਿਰਤੀਆਂ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਕੀਤੀ ਜਾ ਰਹੀ 12 ਫਰਵਰੀ ਦੀ ਕੌਮੀ ਹੜਤਾਲ ਦੇ ਮੌਕੇ ਜ਼ਿਲ੍ਹਾ ਜਲੰਧਰ ਦੇ ਸਮੂਹ ਮੁਲਾਜ਼ਮ ਅਤੇ ਅਧਿਆਪਕ ਆਪਣੇ ਆਪਣੇ ਅਦਾਰਿਆਂ ਵਿੱਚ 12 ਫਰਵਰੀ ਨੂੰ ਹੜਤਾਲ ਕਰਕੇ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਠੀਕ 11:00 ਵਜੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕਰਨਗੇ।ਕੌਮੀ ਹੜਤਾਲ ਦੇ ਮੁੱਦਿਆਂ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਸਾਥੀ ਤੀਰਥ ਸਿੰਘ ਬਾਸੀ ਅਤੇ ਜੇਪੀਐੱਮਓ ਦੇ ਆਗੂ ਸਾਥੀ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਰੱਦ ਕਰਵਾਉਣ, ਪੁਰਾਣੀ ਪੈਂਨਸ਼ਨ ਬਹਾਲ ਕਰਨ, ਪੀਐੱਫਆਰ ਡੀਏ ਬਿੱਲ ਰੱਦ ਕਰਨ, ਮਗਨਰੇਗਾ ਵਿੱਚ ਸੋਧਾਂ ਕਰਕੇ ਬਣਾਏ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਨ, ਸਮੂਹ ਵਿਭਾਗਾਂ ਵਿੱਚ ਵੱਖ-ਵੱਖ ਸਕੀਮਾਂ ਅਧੀਨ ਕੰਮ ਕਰਦੇ ਸਮੂਹ ਮੁਲਾਜ਼ਮ ਨੂੰ ਰੈਗੂਲਰ ਕਰਨ, ਸਮੂਹ ਫਸਲਾਂ 'ਤੇ ਐੱਮਐੱਸਪੀ ਲਾਗੂ ਕਰਨ, ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟਾਂ ਕੋਲ ਵੇਚਣ ਤੋਂ ਰੋਕਣ ਲਈ, ਅੱਠਵਾਂ ਪੇ-ਕਮਿਸ਼ਨ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ 'ਤੇ ਲਾਗੂ ਕਰਨ, ਭਾਰਤੀ ਨਿਆਂ ਸੰਹਿਤਾ ਦੇ ਨਵੇਂ ਕਾਨੂੰਨਾਂ ਨੂੰ ਰੱਦ ਕਰਨ, ਹਰ ਨਾਗਰਿਕ ਲਈ ਕੈਸ਼ਲੈੱਸ ਹੈਲਥ ਸਕੀਮ ਲਾਗੂ ਕਰਨ, 60 ਸਾਲ ਤੋਂ ਉਪਰ ਦੇ ਸਮੂਹ ਨਾਗਰਿਕਾਂ ਲਈ ਜ਼ਿੰਦਗੀ ਜਿਊਣ ਯੋਗ ਸਮਾਜਿਕ ਸੁਰੱਖਿਆ ਦੇਣ ਆਦਿ ਮੁੱਦਿਆਂ ਨੂੰ ਲੈ ਕੇ 12 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ 'ਤੇ ਦੇਸ਼ ਭਰ ਵਿੱਚ ਕੌਮੀ ਹੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਆਮ ਲੋਕਾਂ ਮਾਰੂ ਨੀਤੀਆਂ ਨੂੰ ਮੋੜਾ ਦੇਣ ਲਈ ਵੱਡੀ ਲਹਿਰ ਦੀ ਉਸਾਰੀ ਕੀਤੀ ਜਾ ਸਕੇ। ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਪਰਮਜੀਤ ਸਿੰਘ ਰੰਧਾਵਾ, ਜਮਹੂਰੀ ਕਿਸਾਨ ਸਭਾ ਦੇ ਮਨੋਹਰ ਸਿੰਘ ਗਿੱਲ, ਜਸਵਿੰਦਰ ਸਿੰਘ ਢੇਸੀ, ਸੀਟੀਯੂ ਦੇ ਹਰੀ ਮੁਨੀ ਸਿੰਘ, ਛਤਰਪਾਲ ਸਿੰਘ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਨੇ ਜ਼ਿਲ੍ਹਾ ਜਲੰਧਰ ਦੇ ਸਮੂਹ ਵਰਗਾਂ ਦੇ ਮੁਲਾਜ਼ਮਾਂ, ਅਧਿਆਪਕਾਂ, ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਵਰਗਾਂ ਦੇ ਕਿਰਤੀਆਂ ਨੂੰ ਅਪੀਲ ਕੀਤੀ ਕਿ 12 ਫਰਵਰੀ ਨੂੰ ਆਪਣੇ ਆਪਣੇ ਅਦਾਰਿਆਂ ਵਿੱਚ ਹੜਤਾਲ ਕਰਨ ਉਪਰੰਤ ਜ਼ਿਲ੍ਹਾ ਪੱਧਰ 'ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕੱਠੇ ਹੋ ਕੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋ ਕੇ ਕੌਮੀ ਹੜਤਾਲ ਦੇ ਐਕਸ਼ਨ ਨੂੰ ਸਫਲ ਕਰਨ ਲਈ ਸ਼ਾਮਲ ਹੋਵੋ ਤਾਂ ਜੋ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਆਮ ਲੋਕਾਂ ਮਾਰੂ ਨੀਤੀਆਂ ਵਿਰੁੱਧ ਉਸਰ ਰਹੀ ਵੱਡੀ ਲਹਿਰ ਨੂੰ ਕਾਮਯਾਬੀ ਮਿਲ ਸਕੇ।

ਸੀਚੇਵਾਲ ਦੇ ਯਤਨਾਂ ਸਦਕਾ ਓਮਾਨ ਤੋਂ ਚਾਰ ਲੜਕੀਆਂ ਦੀ ਸੁਰੱਖਿਅਤ ਭਾਰਤ ਵਾਪਸੀ

ਸੁਲਤਾਨਪੁਰ ਲੋਧੀ : (ਬਲਵਿੰਦਰ ਸਿੰਘ ਧਾਲੀਵਾਲ)- ਓਮਾਨ ਦੀ ਚਮਕ-ਧਮਕ ਅਤੇ ਝੂਠੇ ਸੁਪਨੇ ਅੱਜ ਕਈ ਭਾਰਤੀ ਲੜਕੀਆਂ ਦੀ ਜ਼ਿੰਦਗੀ ਨੂੰ ਨਰਕ ਬਣਾ ਰਹੇ ਹਨ।ਦੁਖਦਾਈ ਗੱਲ ਇਹ ਹੈ ਕਿ ਕਈ ਮਾਮਲਿਆਂ ਵਿੱਚ ਲੜਕੀਆਂ ਨੂੰ ਇਸ ਦਲਦਲ ਵਿੱਚ ਧੱਕਣ ਵਾਲਾ ਕੋਈ ਆਪਣਾ ਹੀ ਹੁੰਦਾ ਹੈ।ਅਜਿਹੀ ਹੀ ਦਰਦਨਾਕ ਕਹਾਣੀ ਸਾਹਮਣੇ ਆਈ ਹੈ, ਜਿੱਥੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਲਗਾਤਾਰ ਯਤਨਾਂ ਸਦਕਾ ਓਮਾਨ ਵਿੱਚ ਫਸੀਆਂ ਚਾਰ ਭਾਰਤੀ ਲੜਕੀਆਂ ਦੀ ਸੁਰੱਖਿਅਤ ਭਾਰਤ ਵਾਪਸੀ ਸੰਭਵ ਹੋ ਸਕੀ ਹੈ।ਇਨ੍ਹਾਂ ਵਿੱਚੋਂ ਤਿੰਨ ਲੜਕੀਆਂ ਪੰਜਾਬ ਦੀਆਂ ਅਤੇ ਇੱਕ ਕੇਰਲ ਦੀ ਰਹਿਣ ਵਾਲੀ ਹੈ।ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿੱਚ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੂੰ ਮਿਲਣ ਪਹੁੰਚੀ ਇੱਕ ਪੀੜਤਾ ਲੜਕੀ ਨੇ ਆਪਣੀ ਰੌਂਗਟੇ ਖੜੇ ਕਰਨ ਵਾਲੀ ਆਪਬੀਤੀ ਸਾਂਝੀ ਕਰਦਿਆਂ ਕਿਹਾ ਕਿ ਜੇਕਰ ਇੱਕ ਲੜਕੀ ਉਥੋਂ ਵਾਪਸ ਆ ਰਹੀ ਹੈ ਤਾਂ ਉਸਦੀ ਥਾਂ ਕਈ ਹੋਰ ਲੜਕੀਆਂ ਨੂੰ ਫਸਾ ਦਿੱਤਾ ਜਾਂਦਾ ਹੈ।ਇਹ ਵਾਪਸੀ ਵਿਦੇਸ਼ ਮੰਤਰਾਲੇ ਅਤੇ ਓਮਾਨ ਸਥਿਤ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸੰਭਵ ਹੋਈ, ਜਿਸ ਲਈ ਸੰਤ ਸੀਚੇਵਾਲ ਵੱਲੋਂ ਦਿਲੋਂ ਧੰਨਵਾਦ ਕੀਤਾ ਗਿਆ।ਸੰਤ ਸੀਚੇਵਾਲ ਨੇ ਦੱਸਿਆ ਕਿ ਦਸੰਬਰ ਮਹੀਨੇ ਦੌਰਾਨ ਵਿਦੇਸ਼ ਮੰਤਰਾਲੇ ਨੂੰ ਲਗਭਗ 70 ਲੜਕੀਆਂ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ ਦਿੱਤੀ ਗਈ ਸੀ, ਜੋ ਵਿਦੇਸ਼ਾਂ ਵਿੱਚ ਝੂਠੇ ਵਾਅਦਿਆਂ ਅਤੇ ਮਨੁੱਖੀ ਤਸਕਰੀ ਦੇ ਜਾਲ ਵਿੱਚ ਫਸੀਆਂ ਹੋਈਆਂ ਸਨ।ਉਨ੍ਹਾਂ ਵਿੱਚੋਂ ਇੱਕ ਪੀੜਤਾ ਧੰਨਵਾਦ ਪ੍ਰਗਟ ਕਰਨ ਲਈ ਸੰਤ ਸੀਚੇਵਾਲ ਕੋਲ ਪਹੁੰਚੀ।ਇਸ ਲੜਕੀ ਦਾ ਪਰਿਵਾਰ ਦਸੰਬਰ ਮਹੀਨੇ ਸਹਾਇਤਾ ਲਈ ਸੰਤ ਸੀਚੇਵਾਲ ਦੇ ਦਫਤਰ ਨਾਲ ਸੰਪਰਕ ਵਿੱਚ ਆਇਆ ਸੀ ਅਤੇ ਲੜਕੀ 2 ਫਰਵਰੀ ਨੂੰ ਸੁਰੱਖਿਅਤ ਤੌਰ 'ਤੇ ਭਾਰਤ ਵਾਪਸ ਪਹੁੰਚੀ।ਪੀੜਤਾ ਨੇ ਦੱਸਿਆ ਕਿ ਉਹ ਮਈ 2024 ਵਿੱਚ ਆਪਣੀ ਹੀ ਕਜ਼ਨ ਭੈਣ ਦੇ ਰਾਹੀਂ ਓਮਾਨ ਗਈ ਸੀ, ਪਰ ਉਹ ਕਜ਼ਨ ਭੈਣ ਖੁਦ ਭਾਰਤ ਵਾਪਸ ਆ ਗਈ ਅਤੇ ਇਸ ਲੜਕੀ ਨੂੰ ਉਥੇ ਫਸਾ ਦਿੱਤਾ ਗਿਆ।ਓਮਾਨ ਪਹੁੰਚਦੇ ਹੀ ਉਸਦਾ ਪਾਸਪੋਰਟ ਜ਼ਬਰਦਸਤੀ ਖੋਹ ਲਿਆ ਗਿਆ ਅਤੇ ਦੋ ਸਾਲਾਂ ਦੇ ਜ਼ਬਰਦਸਤੀ ਕਰਾਰਨਾਮਿਆਂ 'ਤੇ ਦਸਤਖ਼ਤ ਕਰਵਾ ਲਏ ਗਏ।ਲੜਕੀ ਨੇ ਆਪਣੀ ਦਰਦਨਾਕ ਹੱਡਬੀਤੀ ਦੱਸਦਿਆਂ ਕਿਹਾ ਕਿ ਭਾਰੀ ਮਿਹਨਤ ਕਰਨ ਦੇ ਬਾਵਜੂਦ ਉਸਨੂੰ ਕਦੇ ਵੀ ਤਨਖ਼ਾਹ ਨਹੀਂ ਦਿੱਤੀ ਗਈ।ਛੋਟੀਆਂ-ਛੋਟੀਆਂ ਗੱਲਾਂ 'ਤੇ ਮਾਰਕੁੱਟ, ਤਸ਼ੱਦਦ ਅਤੇ ਅਮਾਨਵੀ ਸਲੂਕ ਸਹਿਣਾ ਪੈਂਦਾ ਸੀ। ਜਦੋਂ ਉਸਨੇ ਵਾਪਸੀ ਦੀ ਮੰਗ ਕੀਤੀ ਤਾਂ ਸਪਾਂਸਰਾਂ ਵੱਲੋਂ ਲੱਖਾਂ ਰੁਪਏ ਦੀ ਮੰਗ ਕੀਤੀ ਗਈ ਜਾਂ ਹੋਰ ਲੜਕੀਆਂ ਭੇਜਣ ਲਈ ਦਬਾਅ ਬਣਾਇਆ ਜਾਂਦਾ ਸੀ।ਪੀੜਤਾ ਨੇ ਵੱਡਾ ਖੁਲਾਸਾ ਕਰਦਿਆਂ ਦੱਸਿਆ ਕਿ ਉਸਦੇ ਨਾਲ-ਨਾਲ ਓਮਾਨ ਵਿੱਚ ਕਰੀਬ 100 ਦੇ ਆਸ-ਪਾਸ ਹੋਰ ਭਾਰਤੀ ਲੜਕੀਆਂ ਵੀ ਇਸੇ ਤਰ੍ਹਾਂ ਫਸੀਆਂ ਹੋਈਆਂ ਸਨ।ਉਸਨੇ ਕਿਹਾ ਕਿ ਇੱਕ ਲੜਕੀ ਦੇ ਨਿਕਲਣ ਨਾਲ ਹੀ ਗਿਰੋਹ ਵੱਲੋਂ ਉਸਦੀ ਥਾਂ ਦੂਜੀ ਲੜਕੀ ਲਿਆਂਦੀ ਜਾਂਦੀ ਹੈ। ਉਸਨੇ ਇਹ ਵੀ ਦੱਸਿਆ ਕਿ ਓਮਾਨ ਵਿੱਚ ਕਾਨੂੰਨੀ ਸਖ਼ਤੀ ਵਧਣ ਕਾਰਨ ਹੁਣ ਬਿਨਾਂ ਸਪਾਂਸਰ ਜਾਂ ਉਸਦੇ ਉਪਰਲੇ ਸਪਾਂਸਰ ਦੀ ਮਨਜ਼ੂਰੀ ਤੋਂ ਬਿਨਾਂ ਵਾਪਸੀ ਲਗਭਗ ਅਸੰਭਵ ਹੋ ਗਈ ਹੈ।ਪੈਸਿਆਂ ਦੀ ਅਦਾਇਗੀ ਕੀਤੇ ਬਿਨਾਂ ਲੜਕੀਆਂ ਨੂੰ ਮੁੜ ਭੇਜਣ ਤੋਂ ਸਾਫ਼ ਇਨਕਾਰ ਕੀਤਾ ਜਾਂਦਾ ਹੈ।ਸੰਤ ਸੀਚੇਵਾਲ ਨੇ ਕਿਹਾ ਕਿ ਹੁਣ ਇਹ ਵੀ ਸਾਹਮਣੇ ਆਇਆ ਹੈ ਕਿ ਦਿੱਲੀ ਏਅਰਪੋਰਟ 'ਤੇ ਵਧੀ ਸਖ਼ਤੀ ਕਾਰਨ ਇਹ ਗਿਰੋਹ ਲੜਕੀਆਂ ਨੂੰ ਮੁੰਬਈ ਰਾਹੀਂ ਵਿਦੇਸ਼ ਭੇਜ ਰਹੇ ਹਨ ਤਾਂ ਜੋ ਕਾਨੂੰਨੀ ਜਾਂਚ ਤੋਂ ਬਚਿਆ ਜਾ ਸਕੇ।ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਇਸ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਵਿੱਚ ਸ਼ਾਮਲ ਗਿਰੋਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ, ਕਿਉਂਕਿ ਇਹ ਗਿਰੋਹ ਖ਼ਾਸ ਕਰਕੇ ਗਰੀਬ ਅਤੇ ਮਜ਼ਬੂਰ ਪਰਿਵਾਰਾਂ ਦੀਆਂ ਧੀਆਂ ਨੂੰ ਝੂਠੇ ਸੁਪਨਿਆਂ ਨਾਲ ਨਿਸ਼ਾਨਾ ਬਣਾ ਰਹੇ ਹਨ।ਸੰਤ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਿਨਾਂ ਪੂਰੀ ਜਾਂਚ-ਪੜਤਾਲ ਅਤੇ ਸਹੀ ਜਾਣਕਾਰੀ ਦੇ ਕਿਸੇ ਵੀ ਏਜੰਟ ਜਾਂ ਝੂਠੇ ਵਾਅਦਿਆਂ ਦੇ ਝਾਂਸੇ ਵਿੱਚ ਆ ਕੇ ਆਪਣੀਆਂ ਧੀਆਂ ਨੂੰ ਵਿਦੇਸ਼ ਨਾ ਭੇਜਿਆ ਜਾਵੇ।ਜਾਗਰੂਕਤਾ ਹੀ ਇਸ ਭਿਆਨਕ ਅਪਰਾਧ ਤੋਂ ਬਚਾਅ ਦਾ ਸਭ ਤੋਂ ਵੱਡਾ ਹਥਿਆਰ ਹੈ।

ਸੁਸਾਸ਼ਨ ਦਿਵਸ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਇੱਥੇ ਮਾਈ ਭਾਰਤ ਹੁਸ਼ਿਆਰਪੁਰ ਦੇ ਜ਼ਿਲ੍ਹਾ ਯੁਥ ਅਧਿਕਾਰੀ ਸੰਦੀਪ ਕੌਰ ਦੇ ਦਿਸ਼ਾ-ਨਿਰਦੇਸ਼ ਉੱਤੇ ਸੁਸ਼ਾਸਨ ਦਿਵਸ ਨੂੰ ਸੱਰਮਪਿਤ ਇੱਕ ਪ੍ਰੋਗਰਾਮ ਬਹੁ-ਰੰਗ ਕਲਾ ਮੰਚ ਹੁਸ਼ਿਆਰਪੁਰ ਵੱਲੋਂ ਸਥਾਨਕ ਆਈ ਟੀ ਆਈ ਲੜਕੀਆਂ

(ਕੱਚਾ ਟੋਬਾ) ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ।ਜਿਸ ਵਿੱਚ ਸਿੱਖਿਆ ਵਿਭਾਗ ਦੇ ਰੀਟਾਇਰਡ ਡਿਪਟੀ ਡਾਇਰੈਕਟਰ ਅਸ਼ਵਨੀ ਦੱਤਾ, ਸੁਪਰਡੈਂਟ ਰਿਸ਼ੀਪਾਲ ਸ਼ਰਮਾ, ਡਾ. ਅਸ਼ੋਕ ਪੁਰੀ ਤੇ ਰਿਟਾਇਰਡ ਇੰਸਪੈਕਟਰ ਰਮੇਸ਼ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਿਰ ਹੋਏ। ਸੁਸ਼ਾਸਨ ਦਿਵਸ ਦੇ ਮੌਕੇ ਤੇ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਯਸਮੀਨ ਵਿਰਦੀ, ਮਹਿਕ, ਹਰਮਨ ਭੱਟੀ, ਜੈਸਮੀਨ ਤੇ ਅੰਮ੍ਰਿਤਾ ਆਈ ਟੀ ਆਈ ਦੀਆਂ ਵਿਦਿਆਰਥਣਾਂ ਨੇ ਸੰਚਾਲਨ ਕੀਤਾ। ਇਸ ਮੌਕੇ ਤੇ ਮੁੱਖ ਮਹਿਮਾਨ ਅਤੇ ਅੱਜ ਦੇ ਮੁੱਖ ਬੁਲਾਰੇ ਅਸ਼ਵਨੀ ਦੱਤਾ ਨੇ ਸੈਲਫ ਡਿਸੀਪਲਨ, ਪ੍ਰਸ਼ਾਸਨਿਕ, ਪਰਿਵਾਰਿਕ, ਸਮਾਜਿਕ ਅਤੇ ਰਾਜਨੀਤਿਕ ਵਰਤਾਰੇ ਵਿੱਚ ਸੁਸ਼ਾਸਨ ਦੀ ਅਹਿਮੀਅਤ ਅਤੇ ਮਨੁੱਖੀ ਵਿਕਾਸ ਉੱਪਰ ਕੇਂਦਰਿਤ ਹੁੰਦੇ ਹੋਏ ਵਿਦਿਆਰਥੀਆਂ ਨੂੰ ਚੰਗੇ ਮਨੁੱਖ ਬਣਨ ਦਾ ਸੁਨੇਹਾ ਦਿੱਤਾ। ਇਸ ਮੌਕੇ ਤੇ ਡਾ.ਅਸ਼ੋਕ ਪੁਰੀ ਨੇ ਕਿਹਾ ਕਿ ਸਮਾਜ ਵਿੱਚ ਨੈਗੇਟਿਵ ਸ਼ਕਤੀਆਂ ਦੇ ਉਭਾਰ ਅਤੇ ਚੰਗੇ ਬੰਦਿਆਂ ਦਾ ਉਨ੍ਹਾਂ ਤੋਂ ਦੂਰ ਹੋਣਾ ਇੱਕ ਸੰਮਸਿਆ ਹੈ। ਜਿਸ ਨੂੰ ਵਿਦਿਆਰਥੀ ਇੱਕ ਚੰਗਾ ਸੁਪਨਾ ਸਿਰਜਣ ਲਈ ਕਾਰਗਰ ਹੋ ਸਕਦੇ ਹਨ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਅਦਾਰੇ ਦੀ ਅਧਿਆਪਕ ਕੁਲਵਿੰਦਰ ਕੌਰ, ਹਰਦੀਪ ਕੌਰ, ਨੀਲਮ ਰਾਣੀ ਅਤੇ ਸੁਪਰਡੈਂਟ ਰਿਸ਼ੀਪਾਲ ਸ਼ਰਮਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋਗਰਾਮ ਦੇ ਅਖੀਰ ਵਿੱਚ ਯਸਮੀਨ ਵਿਰਦੀ, ਮਹਿਕ, ਹਰਮਨ ਭੱਟੀ, ਜੈਸਮੀਨ ਅਤੇ ਅੰਮ੍ਰਿਤਾ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀ ਰਮੇਸ਼ ਕੁਮਾਰ ਨੇ ਰਿਟਾਇਰਡ ਡਿਪਟੀ ਡਾਇਰੈਕਟਰ ਅਸ਼ਵਨੀ ਦੱਤਾ ਅਤੇ ਸੁਪਰਡੈਂਟ ਰਿਸ਼ੀਪਾਲ ਸ਼ਰਮਾ, ਡਾ. ਅਸ਼ੋਕ ਪੁਰੀ ਅਤੇ ਕੁਲਵਿੰਦਰ ਕੌਰ ਨੂੰ ਦੁਸ਼ਾਲਾ ਦੇ ਸਨਮਾਨਿਤ ਕੀਤਾ ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਮਾਗਮ

ਫਿਲੌਰ (ਹਰਜਿੰਦਰ ਕੌਰ ਚਾਹਲ)- ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਵਿਹੜੇ 'ਚ ਕਰਵਾਇਆ ਗਿਆ। ਇਸ ਮੌਕੇ 5ਵੀਂ ਤੋਂ 10 ਤੱਕ

ਦੇ ਵਿਦਿਆਰਥੀਆਂ ਵਲੋਂ ਗੁਰੂ ਸਾਹਿਬ ਜੀ ਦੀ ਲਿਖਤਾਂ ਨਾਲ ਸਬੰਧਤ ਸ਼ਬਦਾਂ ਦਾ ਉਚਾਰਨ ਕੀਤਾ ਗਿਆ। ਇਨ੍ਹਾਂ ਬੱਚਿਆਂ ਦੀ ਤਿਆਰੀ ਸਕੂਲ ਦੇ ਨੈਤਿਕ ਸਿੱਖਿਆ ਮਾਹਿਰ ਗੁਰਮਿਤ ਪ੍ਰਚਾਰ ਕੇਂਦਰ ਅੱਪਰਾ ਤੋਂ ਨਰਿੰਦਰ ਸਿੰਘ ਵਲੋਂ ਕਰਵਾਈ ਗਈ। ਬੱਚਿਆਂ ਨੂੰ ਨੈਤਿਕ ਸਿੱਖਿਆ ਦਾ ਨਾਲ-ਨਾਲ ਧਾਰਮਿਕ ਸਿੱਖਿਆ ਦੇਣ ਲਈ ਸਕੂਲ ਨੂੰ ਤੀਰਥ ਸਿੰਘ ਜੋਹਲ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਮੌਕੇ ਤੇ ਰਘਵੀਰ ਸਿੰਘ ਜੋਹਲ ਨੇ ਵੀ ਬੱਚਿਆਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਤੇ ਐੱਮ ਡੀ ਸੁਖਦੀਪ ਸਿੰਘ ਨੇ ਕਿਹਾ ਕਿ ਤੀਰਥ ਸਿੰਘ ਜੋਹਲ ਦੇ ਯਤਨਾਂ ਸਦਕਾ ਸਕੂਲ ਨੈਤਿਕ ਸਿੱਖਿਆ ਤੇ ਧਾਰਮਿਕ ਸਿੱਖਿਆ ਦਾ ਪ੍ਰਸਾਰ ਕਰਕੇ ਬੱਚਿਆਂ ਦਾ ਜੀਵਨ ਪੱਧਰ ਉੱਚਾ ਅਤੇ ਸੁੱਚਾ ਰੱਖਣ ਲਈ ਯਤਨਸ਼ੀਲ ਰਹੇਗਾ। ਉਨ੍ਹਾਂ ਰਘਵੀਰ ਸਿੰਘ ਲੱਲੀਆਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਭਾਗ ਲੈਣ ਵਾਲਿਆਂ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਵਾਇਸ ਪ੍ਰਿੰਸੀਪਲ ਸੰਦੀਪ ਕੌਰ, ਮੈਡਮ ਮਾਨਸੀ, ਮੈਡਮ ਗੁਰਜੀਤ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਲਖਵੀਰ ਕੌਰ, ਮੈਡਮ ਹਰਜੀਤ ਕੌਰ, ਜੋਤੀ, ਸੁਨੀਤਾ ਅਤੇ ਸਮੁੱਚਾ ਸਟਾਫ਼ ਹਾਜ਼ਰ ਸੀ ।

ਪੰਜਾਬ ਪ੍ਰੈੱਸ ਕਲੱਬ ਜਲੰਧਰ ਵੱਲੋਂ ਕੈਂਸਰ ਜਾਗਰੂਕਤਾ ਸੈਮੀਨਾਰ

ਜਲੰਧਰ, (ਲਖਵਿੰਦਰ ਸਿੰਘ)- ਪੰਜਾਬ ਪ੍ਰੈੱਸ ਕਲੱਬ ਜਲੰਧਰ ਵੱਲੋਂ ਫੋਰਟਿਸ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਕੈਂਸਰ ਜਾਗਰੂਕਤਾ ਸਿਹਤ ਦਾ ਸੈਮੀਨਾਰ

ਕਰਵਾਇਆ ਗਿਆ, ਜਿਸ ਵਿੱਚ 50 ਤੋਂ ਵੱਧ ਮੀਡੀਆ ਪ੍ਰੋਫੈਸ਼ਨਲਾਂ ਨੇ ਭਾਗ

8-Feb-Sunday0000.qxd 2/7/2026 10:32 PM Page 1

ਬਾਰਜ ਢਾਹਾਂ ਨਾਲ ਮੁਲਾਕਾਤ
(ਆਖਰੀ ਸਫੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 8 ਫਰਵਰੀ 2026

www.nawanzamana.in

ਕੀਮਤ 5.00 ਰੁਪਏ

ਮੈਂ ਘਰ ਪਹੁੰਚਣ ਤੋਂ ਪਹਿਲਾਂ
ਫੇਰ ਬੇ-ਘਰ ਹੋਣ ਵਾਲਾ ਹਾਂ।
ਨਵੇਂ ਰਾਹਾਂ ਲਈ ਫਿਰ ਤੋਂ
ਮੁਸਾਫ਼ਿਰ ਹੋਣ ਵਾਲਾ ਹਾਂ।
ਮੁਹੱਬਤ ਬਣ ਕੇ ਤੇਰਾ
ਮੇਰੀਆਂ ਅੱਖਾਂ 'ਚ ਆ ਜਾਣਾ।
ਮੈਂ ਕਿੰਨਿਆਂ ਦੀ ਹੀ
ਨਫ਼ਰਤ ਦਾ ਵੀ ਪਾਤਰ ਹੋਣ ਵਾਲਾ ਹਾਂ
- ਦੀਪਕ ਧਲੇਵਾਂ

ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਧਰਮ ਨਿਰਪੱਖ, ਜਮਹੂਰੀ ਤੇ ਫੈਡਰਲ ਢਾਂਚੇ ਦੀ ਲੋੜ

ਮੰਗਤ ਰਾਮ ਪਾਸਲਾ

ਸਾਡਾ ਦੇਸ਼ ਅੱਜ ਜਿਸ ਤਰ੍ਹਾਂ ਦੀਆਂ ਮੁਸ਼ਕਲਾਂ 'ਚ ਘਿਰਿਆ ਹੋਇਆ ਹੈ, ਉਨ੍ਹਾਂ ਦਾ ਹੱਲ ਕਰਨ ਪੱਖੋਂ ਬਹੁਤੀਆਂ ਰਾਜਸੀ ਧਿਰਾਂ ਨਾ ਤਾਂ ਗੰਭੀਰ ਜਾਪਦੀਆਂ ਹਨ ਤੇ ਨਾ ਹੀ ਇਸ ਦਿਸ਼ਾ 'ਚ ਲੋੜੀਂਦੀ ਰਾਜਸੀ ਸਰਗਰਮੀ ਕਰ ਰਹੀਆਂ ਹਨ। ਇਹ ਵਰਤਾਰਾ ਅਗਿਆਨਤਾ ਵੱਸ ਵੀ ਹੋ ਸਕਦਾ ਹੈ ਤੇ ਲੋੜੀਂਦੀ ਵਿਚਾਰਧਾਰਕ ਪ੍ਰਤੀਬੱਧਤਾ 'ਤੇ ਪਹਿਰਾ ਦੇਣ ਨਾਲ ਪੇਸ਼ ਆਉਣ ਵਾਲੇ ਖਤਰਿਆਂ ਦੇ ਭੈਅ ਸਦਕਾ ਵੀ। ਆਰ.ਐੱਸ.ਐੱਸ. ਦਾ ਥਾਪੜਾ ਹਾਸਲ ਮੋਦੀ ਸਰਕਾਰ ਤੇ 'ਸੰਘ ਪਰਵਾਰ' ਦੇ ਦੂਸਰੇ ਸੰਗਠਨ ਇਸ ਪੱਖੋਂ ਬਾਗੋ-ਬਾਗ ਹਨ ਕਿ ਉਹ ਆਰ.ਐੱਸ.ਐੱਸ. ਵੱਲੋਂ 1925 'ਚ ਆਪਣੀ ਸਥਾਪਨਾ ਸਮੇਂ ਮਿੱਥੇ ਧਰਮ ਅਧਾਰਤ, ਪਿਛਾਖੜੀ 'ਹਿੰਦੂ ਰਾਸ਼ਟਰ' ਕਾਇਮ ਕਰਨ ਦੇ ਨਿਸ਼ਾਨੇ ਦੀ ਪੂਰਤੀ ਵੱਲ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਪਿਛਲੇ ਦਿਨੀਂ 26 ਜਨਵਰੀ ਦੇ ਗਣਤੰਤਰ ਦਿਵਸ ਦੇ ਇਤਿਹਾਸਕ ਮੌਕੇ 'ਤੇ ਉਤਰਾਂਚਲ ਰਾਜ 'ਚ ਮਹਾਨ ਸੂਫੀ ਪੰਜਾਬੀ ਕਵੀ ਬੁੱਲ੍ਹੇਸ਼ਾਹ ਦੀ ਮਜ਼ਾਰ ਨੂੰ ਬਜਰੰਗ ਦਲ ਐਂਡ ਕੰਪਨੀ ਦੇ ਲੱਠਮਾਰਾਂ ਵੱਲੋਂ ਢਾਹੁਣਾ, ਬੇਇਜ਼ਤ ਕਰਨ ਲਈ ਉਸੇ ਜਗ੍ਹਾ 'ਤੇ ਪੇਸ਼ਾਬ ਕਰਨਾ ਤੇ ਗੰਦੀ ਭਾਸ਼ਾ ਬੋਲਣਾ ਦਰਸਾਉਂਦਾ ਹੈ ਕਿ ਸੰਘ ਪਰਵਾਰ ਤੇ ਭਾਜਪਾ ਸਰਕਾਰਾਂ ਸਮਾਜ ਅੰਦਰ ਫਿਰਕੂ ਨਫਰਤ ਫੈਲਾਉਣ ਲਈ ਕਿਸ ਨੀਵੀਂ ਪੱਧਰ ਤੱਕ ਜਾ ਸਕਦੀਆਂ ਹਨ? ਆਰ.ਐੱਸ.ਐੱਸ. ਇਕ ਐਸਾ ਸੰਗਠਨ, ਜਿਸ ਨੇ ਫਿਰਕੂ ਅਧਾਰ 'ਤੇ ਭਾਰਤੀ ਸਮਾਜ ਨੂੰ ਵੰਡਣ ਦਾ ਹਰ ਹਰਬਾ ਵਰਤਿਆ ਤੇ ਆਜ਼ਾਦੀ ਸੰਗਰਾਮ ਦੀ ਵਿਰੋਧਤਾ ਕਰਦਿਆਂ ਬਸਤੀਵਾਦੀ ਅੰਗਰੇਜ਼ ਸਾਮਰਾਜੀਆਂ ਦਾ ਸਮਰਥਨ ਕੀਤਾ, ਆਪਣੇ ਛੋਟੇ ਜਿਹੇ ਆਕਾਰ ਤੋਂ ਵਧਦਾ-ਵਧਦਾ ਅੱਜ ਭਾਰਤ ਦੀ ਕੇਂਦਰੀ ਸੱਤਾ 'ਤੇ ਕਾਬਜ਼ ਹੋਇਆ ਬੈਠਾ ਹੈ। ਸਿੱਟੇ ਵਜੋਂ ਇਸ ਦੀਆਂ ਸਹਿਯੋਗੀ ਸੰਸਥਾਵਾਂ ਤੇ ਇਸ ਦੇ ਜ਼ਹਿਰੀਲੇ ਵਿਚਾਰਾਂ ਦੀ ਪਾਣ ਚੜ੍ਹੇ ਵਿਅਕਤੀ ਭਾਰਤ ਦੀ ਰਾਜਨੀਤੀ, ਆਰਥਿਕਤਾ, ਸੱਭਿਆਚਾਰ ਤੇ ਸਮਾਜਿਕ ਸਰੋਕਾਰਾਂ ਭਾਵ ਹਰ ਖੇਤਰ 'ਚ ਆਗੂ ਪੁਜ਼ੀਸ਼ਨਾਂ ਹਥਿਆਈ ਬੈਠੇ ਹਨ। ਸੰਘ ਪਰਵਾਰ ਦੇ ਮੈਂਬਰਾਂ ਦਾ ਪੂਰੇ ਦੇਸ਼ ਅੰਦਰ ਜਥੇਬੰਦਕ ਢਾਂਚਾ ਕਾਇਮ ਹੋ ਚੁੱਕਾ ਹੈ। ਇਹ ਵਰਤਾਰਾ ਕਿਸੇ 'ਅਲੋਕਾਰ' ਤੋਂ ਘੱਟ ਨਹੀਂ ਹੈ।

ਯਾਦ ਰਹੇ ਭਾਰਤ ਦੇ ਆਜ਼ਾਦੀ ਘੋਲ ਦੀ ਅਗਵਾਈ ਕਰਨ ਵਾਲੀ ਕਾਂਗਰਸ ਪਾਰਟੀ ਨੇ ਆਜ਼ਾਦੀ ਪ੍ਰਾਪਤੀ ਤੋਂ ਪਿੱਛੋਂ 1947 'ਚ ਦੇਸ਼ ਦੀ ਸੱਤਾ ਸੰਭਾਲੀ ਸੀ। ਉਦੋਂ ਆਰ.ਐੱਸ.ਐੱਸ. ਦਾ ਪਹਿਲਾ ਸਿਆਸੀ ਵਿੰਗ 'ਜਨਸੰਘ' ਇਕ ਮਾਮੂਲੀ ਜਿਹੀ ਰਾਜਸੀ ਸ਼ਕਤੀ ਹੁੰਦਾ ਸੀ। ਕਾਂਗਰਸ ਪਾਰਟੀ ਨੇ ਆਪਣੇ ਸ਼ਾਸਨ ਕਾਲ 'ਚ ਸਰਮਾਏਦਾਰੀ ਲੀਹਾਂ 'ਤੇ ਆਰਥਿਕ ਢਾਂਚਾ ਵਿਕਸਤ ਕਰਨ ਦਾ ਯਤਨ ਕੀਤਾ। ਦੇਸ਼ ਅੰਦਰ ਆਰਥਿਕ ਪਛੜੇਵੇਂ ਤੇ ਵਿਕਾਸ ਦੀ ਨੀਵੀਂ ਪੱਧਰ ਕਰਕੇ ਕਾਂਗਰਸੀ ਸਰਕਾਰਾਂ ਨੇ ਇਕ ਪਾਸੇ ਦੇਸ਼ ਦੇ ਆਰਥਿਕ ਵਿਕਾਸ ਲਈ ਸਾਮਰਾਜੀ ਜਰਵਾਣਿਆਂ ਦੀ ਸਹਾਇਤਾ 'ਤੇ ਟੇਕ ਰੱਖੀ ਤੇ ਦੂਜੇ ਬੰਨੇ ਸਮਾਜਵਾਦੀ ਸੋਵੀਅਤ ਯੂਨੀਅਨ ਤੋਂ ਪ੍ਰਾਪਤ ਕੀਤੀ ਆਰਥਿਕ ਤੇ ਤਕਨੀਕੀ ਸਹਾਇਤਾ ਸਦਕਾ ਬੁਨਿਆਦੀ ਸਨਅਤਾਂ ਤੇ ਸੇਵਾਵਾਂ ਲਈ ਸਰਕਾਰੀ ਖੇਤਰ ਦਾ ਚੋਖਾ ਵਿਕਾਸ ਵੀ ਕੀਤਾ। ਬਿਨਾਂ ਸ਼ੱਕ ਬਹੁਤ ਸਾਰੇ ਖੇਤਰਾਂ 'ਚ ਭਾਰਤ ਨੇ ਜ਼ਿਕਰਯੋਗ ਤਰੱਕੀ ਕੀਤੀ ਹੈ, ਪ੍ਰੰਤੂ ਇਹ ਵੀ ਸੱਚ ਹੈ ਕਿ ਵਿਕਾਸ ਦਾ ਪੂੰਜੀਵਾਦੀ ਮਾਡਲ ਅਖਤਿਆਰ ਕਰਦਿਆਂ ਜਗੀਰਦਾਰੀ ਨੂੰ ਰਾਜਸੱਤਾ 'ਚ ਭਾਈਵਾਲ ਬਣਾਇਆ ਗਿਆ ਤੇ ਸਾਮਰਾਜ ਨਾਲ ਸਾਂਝ-ਭਿਆਲੀ ਲਗਾਤਾਰ ਵਧਾਈ ਗਈ। ਇਸੇ ਕਰਕੇ ਦੇਸ਼ ਦੀ ਆਰਥਿਕ ਤਰੱਕੀ ਦਾ ਪ੍ਰਮੁੱਖ ਲਾਹਾ ਇਜ਼ਾਰੇਦਾਰ ਪੂੰਜੀਪਤੀਆਂ ਤੇ ਜਗੀਰਦਾਰ ਜਮਾਤਾਂ ਨੂੰ ਮਿਲਿਆ ਹੈ ਤੇ ਦੇਸ਼ ਦੇ ਬਹੁ-ਗਿਣਤੀ ਮਿਹਨਤਕਸ਼ ਇਸ ਪ੍ਰਗਤੀ ਤੋਂ ਹਾਸਲ ਹੋਣ ਵਾਲੇ ਲਾਭਾਂ ਤੋਂ ਵਿਰਵੇ ਹਨ। ਉਲਟਾ, ਜਨ ਸਧਾਰਣ ਦੀ ਜ਼ਿੰਦਗੀ ਨੂੰ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਤੇ ਗਰੀਬੀ ਵਰਗੀਆਂ ਲਾਹਨਤਾਂ ਲਗਾਤਾਰ ਚਿੰਬੜੀਆਂ ਆ ਰਹੀਆਂ ਹਨ। ਇਸੇ ਆਰਥਿਕ ਵਿਕਾਸ ਦੇ ਨਤੀਜੇ ਵਜੋਂ ਅਮੀਰ-ਗਰੀਬ ਦਾ ਪਾੜਾ ਅੱਜ ਚਰਮ ਸੀਮਾ 'ਤੇ ਜਾ ਪੁੱਜਿਆ ਹੈ। ਕਾਂਗਰਸ ਪਾਰਟੀ ਨੇ ਅਤੀਤ 'ਚ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਲਈ ਅਨੇਕਾਂ ਵਾਰ ਦੇਸ਼ ਦੇ ਸੰਵਿਧਾਨ 'ਚ ਦਰਜ ਧਰਮ ਨਿਰਪੱਖ ਤੇ ਜਮਹੂਰੀ ਤਕਾਜ਼ਿਆਂ ਤੇ ਸੰਘਾਤਮਕ (ਫੈਡਰਲ) ਅਧਿਕਾਰਾਂ ਨੂੰ ਖੋਰਾ ਲਾਉਂਦੇ ਬਹੁਤ ਸਾਰੇ ਲੋਕ-ਵਿਰੋਧੀ ਕਦਮ ਵੀ ਉਠਾਏ ਹਨ।

ਕਾਂਗਰਸ ਪਾਰਟੀ ਦੇ ਲੰਬੇ ਕਾਰਜਕਾਲ ਦੌਰਾਨ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸਰਕਾਰ ਵਿਰੋਧੀ ਰਾਜਸੀ ਦਲਾਂ ਨੇ ਗੈਰ ਪਾਰਲੀਮਾਨੀ ਤੇ ਪਾਰਲੀਮਾਨੀ, ਦੋਨੋਂ ਤਰ੍ਹਾਂ ਦੇ ਸੰਘਰਸ਼ ਲੜੇ ਹਨ। ਇਨ੍ਹਾਂ ਸੰਘਰਸ਼ਾਂ ਦੌਰਾਨ ਲੋਕਾਂ ਨੂੰ ਹਰ ਤਰ੍ਹਾਂ ਦੇ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਇਹ ਗੱਲ ਵੀ ਯਾਦ ਰੱਖਣਯੋਗ ਹੈ ਕਿ ਬੀਤੇ ਸਮੇਂ 'ਚ ਕਾਂਗਰਸੀ ਰਾਜ ਦਾ ਵਿਰੋਧ ਸਾਰੇ ਗੈਰ-ਕਾਂਗਰਸੀ ਦਲਾਂ ਨੇ ਬੇਸ਼ੱਕ ਸਾਂਝੇ ਰੂਪ 'ਚ ਕੀਤਾ ਹੈ, ਪ੍ਰੰਤੂ ਇਸ ਵਿਰੋਧ ਅੰਦਰ ਵੀ ਤਿੰਨ ਧਾਰਾਵਾਂ ਸ਼ਾਮਲ ਸਨ। ਪਹਿਲੀ ਵੰਨਗੀ ਕਾਂਗਰਸ ਦੀ ਜਮਾਤੀ ਤਰਜ਼ ਵਾਲੀਆਂ ਉਨ੍ਹਾਂ ਕੌਮੀ ਤੇ ਖੇਤਰੀ ਰਾਜਸੀ ਪਾਰਟੀਆਂ ਦੀ ਸੀ, ਜੋ ਸਰਮਾਏਦਾਰੀ ਚੌਖਟੇ ਅੰਦਰ ਕੰਮ ਕਰਦਿਆਂ ਦੇਸ਼ ਦੇ ਆਰਥਿਕ ਵਿਕਾਸ ਨੂੰ ਅੱਗੇ ਤੋਰਨ ਦੇ ਨਾਲ ਨਾਲ ਵੱਖੋ-ਵੱਖ ਇਲਾਕਿਆਂ, ਕੌਮੀਅਤਾਂ, ਸੱਭਿਆਚਾਰਾਂ ਤੇ ਬੋਲੀਆਂ ਬੋਲਣ ਵਾਲੇ ਲੋਕਾਂ ਨਾਲ ਨੇੜਿਓਂ ਹੋ ਕੇ ਜੁੜੀਆਂ ਹੋਈਆਂ ਹਨ। ਕਾਂਗਰਸੀ ਸਰਕਾਰਾਂ ਦੇ ਵਿਰੋਧੀ ਅਜਿਹੇ ਗਠਜੋੜ, ਮੋਟੇ ਰੂਪ 'ਚ ਦੇਸ਼ ਦੇ ਸੰਵਿਧਾਨ ਅੰਦਰ ਦਰਜ ਧਰਮ ਨਿਰਪੱਖ ਤੇ ਜਮਹੂਰੀ ਕਦਰਾਂ-ਕੀਮਤਾਂ ਅਤੇ ਸੰਘਾਤਮਕ ਚੌਖਟੇ ਨਾਲ ਆਮ ਤੌਰ 'ਤੇ ਸਹਿਮਤ ਰਹੇ। ਭਾਵੇਂ ਗੰਭੀਰ ਆਰਥਿਕ ਸੰਕਟ ਕਾਰਨ ਲੋਕਾਂ ਦੀਆਂ ਵਧ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਇਨ੍ਹਾਂ ਗਠਜੋੜਾਂ 'ਚ ਸ਼ਾਮਲ ਦਲ ਆਮ ਲੋਕਾਂ ਨੂੰ ਮਾਮੂਲੀ ਜਿਹੀਆਂ ਸਹੂਲਤਾਂ ਵੀ ਦਿੰਦੇ ਰਹੇ, ਪ੍ਰੰਤੂ ਆਰਥਿਕ ਨੀਤੀਆਂ ਤੇ ਸੰਵਿਧਾਨਕ ਮਰਿਆਦਾਵਾਂ ਦੀ ਪਾਲਣਾ ਕਰਨ ਦੇ ਨਜ਼ਰੀਏ ਤੋਂ ਗੈਰ-ਕਾਂਗਰਸੀ ਸਰਕਾਰਾਂ ਵੀ ਜ਼ਿਆਦਾਤਰ ਲੋਕ ਵਿਰੋਧੀ ਪੈਂਤੜੇ ਹੀ ਲੈਂਦੀਆਂ ਰਹੀਆਂ। ਦੂਜੀ ਵੰਨਗੀ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਹੈ, ਜੋ ਸੰਵਿਧਾਨਕ ਦਾਇਰੇ ਅੰਦਰ ਰਹਿ ਕੇ ਕਾਂਗਰਸੀ ਸਰਕਾਰਾਂ ਵੱਲੋਂ ਅਪਣਾਈਆਂ ਜਾਂਦੀਆਂ ਆਰਥਿਕ-ਸਿਆਸੀ ਨੀਤੀਆਂ ਤੇ ਪ੍ਰਸ਼ਾਸਨਿਕ ਪਹੁੰਚਾਂ ਦਾ ਅਗਾਂਹਵਧੂ ਪੈਂਤੜੇ ਤੋਂ ਵਿਰੋਧ ਕਰਦੀਆਂ ਹਨ ਤੇ ਜਿਨ੍ਹਾਂ ਨੇ ਦੇਸ਼ ਦੇ ਤਿੰਨ ਪ੍ਰਾਂਤਾਂ ਪੱਛਮੀ ਬੰਗਾਲ, ਕੇਰਲਾ ਤੇ ਤ੍ਰਿਪੁਰਾ ਅੰਦਰ ਆਪਣੇ ਸ਼ਾਸਨ ਕਾਲ ਦੇ ਦੌਰਾਨ ਲੋਕ ਪੱਖੀ ਰਾਜਸੀ ਮੁਤਬਾਦਲ ਪੇਸ਼ ਕਰਨ ਦਾ ਸੀਮਤ ਯਤਨ ਕੀਤਾ। ਇਨ੍ਹਾਂ ਸੂਬਾਈ ਸਰਕਾਰਾਂ ਦੀਆਂ ਕੁੱਝ ਮੁਤਬਾਦਲ ਨੀਤੀਆਂ ਦਾ ਆਮ ਲੋਕਾਂ ਨੇ ਭਰਵਾਂ ਸਮਰਥਨ ਵੀ ਕੀਤਾ। ਤੀਜੀ ਕਿਸਮ ਦੇ ਕਾਂਗਰਸ ਵਿਰੋਧੀ ਮੋਰਚੇ 'ਚ ਆਰ.ਐੱਸ.ਐੱਸ. ਦੇ ਰਾਜਸੀ ਵਿੰਗ (ਪਹਿਲਾਂ ਜਨ ਸੰਘ ਤੇ ਹੁਣ ਭਾਜਪਾ) ਸ਼ਾਮਲ ਰਹੇ, ਜੋ ਕਾਂਗਰਸੀ ਸਰਕਾਰਾਂ ਦਾ ਸੱਜੇ ਪੱਖੀ ਪੈਂਤੜੇ ਤੋਂ ਵਿਰੋਧ ਕਰਦੇ ਸਨ। ਇਨ੍ਹਾਂ ਦਲਾਂ ਨੇ ਆਰ.ਐੱਸ.ਐੱਸ. ਦਾ ਫਿਰਕੂ-ਫਾਸ਼ੀ ਏਜੰਡਾ ਤੇ ਵੰਡਵਾਦੀ ਨੀਤੀ ਕਦੇ ਵੀ ਨਹੀਂ ਤਿਆਗੀ। ਇਹ ਲੁਕਵਾਂ ਏਜੰਡਾ ਤੇ ਘਾਤਕ 'ਨੀਤੀ ਚੌਖਟਾ' ਸਮੇਂ, ਸਥਾਨ ਤੇ ਹਾਲਾਤ ਅਨੁਸਾਰ ਹਰ ਢੰਗ ਨਾਲ ਲਾਗੂ ਕਰਨ ਦਾ ਯਤਨ ਇਨ੍ਹਾਂ ਸੱਜੇ ਪੱਖੀ ਦਲਾਂ ਨੇ ਲਗਾਤਾਰ ਜਾਰੀ ਰੱਖਿਆ। ਲੋਕਮਾਰੂ ਨੀਤੀਆਂ ਸਦਕਾ ਕਾਂਗਰਸ ਪਾਰਟੀ ਹਾਕਮ ਧਿਰ ਦੇ ਰੁਤਬੇ ਤੋਂ ਸੁੰਗੜ ਕੇ ਵਿਰੋਧੀ ਧਿਰ 'ਚ ਆ ਸ਼ਾਮਲ ਹੋਈ ਤੇ ਸੱਤਾ ਮੋਦੀ ਸਰਕਾਰ ਦੇ ਰੂਪ 'ਚ ਸੱਜ ਪਿਛਾਖੜੀ ਫਿਰਕੂ-ਫਾਸ਼ੀ ਸੰਗਠਨ, ਆਰ.ਐੱਸ.ਐੱਸ. ਦੇ ਪੈਰੋਕਾਰਾਂ ਦੇ ਹੱਥਾਂ 'ਚ ਆ ਗਈ। ਆਪਣੀਆਂ ਨੀਤੀਆਂ, ਰਾਜਸੀ ਕਿਰਦਾਰ, ਭ੍ਰਿਸ਼ਟ ਅਮਲਾਂ ਤੇ ਸੱਤਾ ਦੀ ਲਾਲਸਾ ਕਰਕੇ ਅਤੀਤ ਦੇ ਕਾਂਗਰਸ ਵਿਰੋਧੀ ਗਠਜੋੜ, ਲੋਕਾਂ ਦਾ ਵਿਸ਼ਵਾਸ ਜਿੱਤ ਕੇ ਕਾਂਗਰਸ ਦਾ ਹਕੀਕੀ ਮੁਤਬਾਦਲ ਨਹੀਂ ਬਣ ਸਕੇ, ਪ੍ਰੰਤੂ ਦੇਸ਼ ਅੰਦਰ ਜਗੀਰੂ ਪ੍ਰਬੰਧ ਦੀ ਫਿਰਕੂ ਤੇ ਪਿਛਾਖੜੀ ਵਿਚਾਰਧਾਰਾ ਦੀ ਜ਼ਬਰਦਸਤ ਹੋਂਦ ਕਾਰਨ ਤੇ ਫਿਰਕੂ ਸਵਾਰਥੀ ਹਿੱਤਾਂ ਵੱਲੋਂ ਕੀਤੀ ਹਰ ਤਰ੍ਹਾਂ ਦੀ ਮਦਦ ਸਦਕਾ ਆਰ.ਐੱਸ.ਐੱਸ. ਆਪਣਾ ਤੇ ਆਪਣੇ ਦੂਸਰੇ ਪਰਵਾਰਕ ਮੈਂਬਰਾਂ ਦਾ ਵਿਸ਼ਾਲ ਜਥੇਬੰਦਕ ਢਾਂਚਾ ਉਸਾਰਨ 'ਚ ਸਫਲ ਰਹੇ, ਜਿਸ ਦੇ ਫਲਸਰੂਪ ਕਾਂਗਰਸ ਦੇ ਰਾਜਸੀ ਮੁਤਬਾਦਲ ਵਜੋਂ ਉੱਭਰ ਕੇ ਆਰ.ਐੱਸ.ਐੱਸ. ਨੇ ਜਿਹੜਾ ਧਰਮ ਅਧਾਰਤ "ਹਿੰਦੂ ਰਾਸ਼ਟਰ" ਕਾਇਮ ਕਰਨ ਦਾ ਟੀਚਾ 1925 'ਚ ਆਪਣੇ ਜਨਮ ਸਮੇਂ ਮਿੱਥਿਆ ਸੀ, ਹੁਣ ਸੱਤਾ ਦੀ ਦੁਰਵਰਤੋਂ ਕਰਕੇ ਉਹ ਤੇਜ਼ੀ ਨਾਲ ਉਸ ਨੂੰ ਪੂਰਾ ਕਰਨ ਦੇ ਰਾਹ ਤੁਰਿਆ ਹੋਇਆ ਹੈ। ਖੱਬੀਆਂ ਧਿਰਾਂ, ਕਮਜ਼ੋਰ ਜਨਤਕ ਆਧਾਰ ਦੇ ਬਾਵਜੂਦ ਆਪਣੀ ਸਿਆਸੀ-ਵਿਚਾਰਧਾਰਕ ਪ੍ਰਪੱਕਤਾ ਤੇ ਮਿਹਨਤਕਸ਼ ਅਵਾਮ ਪ੍ਰਤੀ ਪ੍ਰਤੀਬੱਧਤਾ ਕਾਰਨ ਇਸ ਸੰਘਰਸ਼ ਨੂੰ ਸਫਲ ਕਰਨ ਲਈ ਪੂਰੀ ਵਾਹ ਲਾ ਰਹੀਆਂ ਹਨ, ਪ੍ਰੰਤੂ ਦੂਜੇ ਭਾਜਪਾ ਵਿਰੋਧੀ ਦਲ ਸਿਆਸੀ-ਵਿਚਾਰਧਾਰਕ ਪੱਖੋਂ ਫਿਰਕੂ-ਫਾਸ਼ੀ ਰਾਜ ਕਾਇਮ ਕਰਨ ਦੇ ਖਤਰੇ ਦੇ ਮੁੱਖ ਸੂਤਰਧਾਰ, ਆਰ.ਐੱਸ.ਐੱਸ. ਦੇ ਖਤਰਨਾਕ ਇਰਾਦਿਆਂ ਤੋਂ ਜਾਂ ਤਾਂ ਘੱਟ ਜਾਣੂੰ ਹਨ ਤੇ ਜਾਂ ਫਿਰ ਉਨ੍ਹਾਂ ਅੰਦਰ ਇਸ ਨਫਰਤੀ ਵਿਚਾਰਧਾਰਾ ਦਾ ਟਾਕਰਾ ਕਰਨ ਜੋਗੀ ਲੋੜੀਂਦੀ ਇੱਛਾ ਸ਼ਕਤੀ ਨਹੀਂ ਹੈ। ਉਹ ਸੱਤਾ ਪ੍ਰਾਪਤੀ ਦੀ ਦੌੜ 'ਚ ਆਮ ਤੌਰ 'ਤੇ ਇਕ-ਦੂਜੇ ਨੂੰ ਠਿੱਬੀ ਲਾਉਣ ਦਾ ਯਤਨ ਕਰਦੇ ਹਨ, ਭਾਵੇਂ ਉਨ੍ਹਾਂ ਦੇ ਅਜਿਹਾ ਕਰਨ ਨਾਲ ਭਾਜਪਾ ਨੂੰ ਰਾਜਸੀ ਲਾਭ ਹੀ ਕਿਉਂ ਨਾ ਮਿਲਦਾ ਹੋਵੇ!



ਜਨਤਕ ਆਧਾਰ ਦੇ ਪੱਖ ਤੋਂ ਭਾਜਪਾ ਨੂੰ ਸੱਤਾ ਤੋਂ ਲਾਹੁਣ ਦੀ ਸਭ ਤੋਂ ਵੱਡੀ ਭੂਮਿਕਾ ਅੱਜ ਕਾਂਗਰਸ ਪਾਰਟੀ ਦੀ ਹੈ, ਜੋ ਪਾਰਲੀਮੈਂਟ 'ਚ ਮੁੱਖ ਵਿਰੋਧੀ ਦਲ ਹੈ। ਕਾਂਗਰਸ ਪਾਰਟੀ ਦੇ ਮੌਜੂਦਾ ਪ੍ਰਧਾਨ ਸ੍ਰੀਮਾਨ ਖੜਗੇ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਆਪਣੇ ਬਿਆਨਾਂ ਤੇ ਪ੍ਰਚਾਰ ਰਾਹੀਂ ਆਰ.ਐੱਸ.ਐੱਸ. ਦੀ ਫਿਰਕੂ-ਫਾਸ਼ੀ ਵਿਚਾਰਧਾਰਾ ਤੇ ਵਰਤਮਾਨ ਭਾਰਤੀ ਸੰਵਿਧਾਨ ਨੂੰ ਲਾਂਭੇ ਕਰਕੇ ਗੈਰ ਜਮਹੂਰੀ, ਮਨੂੰਵਾਦੀ ਸੰਵਿਧਾਨ ਲਾਗੂ ਕਰਨ ਦੀਆਂ 'ਸੰਘੀ' ਕੁਚਾਲਾਂ ਨੂੰ ਬੇਪਰਦ ਕਰ ਰਹੇ ਹਨ। ਨਾਲ ਹੀ ਲੋਕਾਂ ਨਾਲ ਸੰਬੰਧਤ ਮੁੱਦੇ ਵੀ ਲਗਾਤਾਰ ਉਠਾ ਰਹੇ ਹਨ ਤੇ ਇਕ ਹੱਦ ਤੱਕ ਜ਼ਮੀਨੀ ਸੰਘਰਸ਼ਾਂ ਦਾ ਹੋਕਾ ਵੀ ਦੇ ਰਹੇ ਹਨ, ਪ੍ਰੰਤੂ ਵੱਖੋ-ਵੱਖ ਰਾਜਾਂ ਦੀਆਂ ਕਾਂਗਰਸੀ ਸਰਕਾਰਾਂ ਤੇ ਪਾਰਟੀ ਦੇ ਸੂਬਾਈ ਆਗੂ ਅਜਿਹੇ ਬੁਨਿਆਦੀ ਮੁੱਦਿਆਂ ਤੋਂ ਬਚਦਿਆਂ ਹੋਇਆਂ ਵਿਰੋਧੀ ਨੇਤਾਵਾਂ ਖਿਲਾਫ਼ ਸਿਰਫ ਨਿੱਜੀ ਹਮਲੇ ਕਰਨ ਤੱਕ ਹੀ ਸੀਮਤ ਰਹਿੰਦੇ ਹਨ। ਇਸ ਕੰਮ ਲਈ ਅਕਸਰ ਉਹ ਬਹੁਤ ਹੀ ਗੈਰ ਜ਼ਿੰਮੇਵਾਰੀ ਵਾਲੀ ਭਾਸ਼ਾ ਵਰਤਦੇ ਹਨ। ਇਸੇ ਕਰਕੇ ਜਨ ਸਧਾਰਨ, ਜੋ ਭਾਜਪਾ ਸ਼ਾਸਨ ਤੋਂ ਪੀੜਤ ਹੈ, ਕਾਂਗਰਸੀ ਨੇਤਾਵਾਂ ਦੀ ਗੈਰ ਜ਼ਿੰਮੇਦਾਰਾਨਾ ਬਿਆਨਬਾਜ਼ੀ ਤੇ ਬੇਅਸੂਲੀ ਵਿਚਾਰਧਾਰਕ ਪਹੁੰਚ ਤੋਂ ਵੀ ਬੇਹੱਦ ਦੁਖੀ ਹਨ। ਕਾਂਗਰਸ ਆਗੂਆਂ ਦੀ ਆਪਸੀ ਧੜੇਬੰਦੀ ਵੀ ਲੋਕਾਂ ਅੰਦਰ ਇਸ ਪਾਰਟੀ ਦੀ ਸ਼ਾਖ ਨੂੰ ਭਾਰੀ ਖੋਰਾ ਲਾ ਰਹੀ ਹੈ। ਇਹ ਸਭ ਘਾਟਾਂ-ਕਮਜ਼ੋਰੀਆਂ ਲੋਕਾਂ ਅੰਦਰ ਪਨਪ ਰਹੀਆਂ ਭਾਜਪਾ ਵਿਰੋਧੀ ਭਾਵਨਾਵਾਂ ਤੇ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਅਗਾਂਹਵਧੂ ਲੋਕਾਂ ਪ੍ਰਤੀ ਮੋਦੀ ਸਰਕਾਰ ਦੀ ਜਾਬਰ ਨੀਤੀ ਦੇ ਕਾਰਨ ਪੈਦਾ ਹੋ ਰਹੇ ਰੋਹ ਦੇ ਬਾਵਜੂਦ ਗੈਰ ਭਾਜਪਾ ਦਲਾਂ ਨੂੰ ਚੁਣਾਵੀ ਜਿੱਤਾਂ ਹਾਸਲ ਨਹੀਂ ਹੁੰਦੀਆਂ। ਬਿਨਾਂ ਸ਼ੱਕ ਮੋਦੀ ਸਰਕਾਰ ਵੱਲੋਂ ਸੱਤਾ ਪ੍ਰਾਪਤੀ ਲਈ ਜਾਂ ਸੱਤਾ 'ਤੇ ਬਣੇ ਰਹਿਣ ਲਈ ਆਪਹੁਦਰੇ ਢੰਗ ਨਾਲ ਚੋਣ ਕਮਿਸ਼ਨ, ਸਰਕਾਰੀ ਏਜੰਸੀਆਂ ਤੇ ਗੋਦੀ ਮੀਡੀਆ ਦੀ ਰੱਜ ਕੇ ਦੁਰਵਰਤੋਂ ਕੀਤੀ ਜਾ

8-Feb-Sunday0000.qxd 2/7/2026 10:34 PM Page 5

ਰਾਹੁਲ-ਰਵਨੀਤ ਦੀ ਬਹਿਸ ਬਹਾਨੇ ਚਿੰਗਾੜੀਆਂ ਸੁੱਟਣ ਦਾ ਕੰਮ ਫਿਰ ਸ਼ੁਰੂ ਹੁੰਦਾ ਜਾਪਦੈ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦੀ ਪਾਰਲੀਮੈਂਟ ਦਾ ਇੱਕ ਹੋਰ ਹਫਤਾ ਬਿਨਾਂ ਕੋਈ ਖਾਸ ਕੰਮ ਕੀਤੇ ਤੋਂ ਰੌਲੇ-ਰੱਪੇ ਵਿੱਚ ਲੰਘ ਗਿਆ ਤੇ ਲੋਕਾਂ ਦੇ ਮੁੱਦਿਆਂ ਦੀ ਬਜਾਏ ਇਹੋ ਜਿਹੀਆਂ ਗੱਲਾਂ ਉੱਤੇ ਸਿਆਸਤ ਕੇਂਦਰਤ ਹੋਈ ਰਹੀ, ਜਿਹੜੀਆਂ ਆਮ ਆਦਮੀ ਦੀ ਜ਼ਿੰਦਗੀ ਸੁਆਰਨ ਵਾਲੀਆਂ ਨਹੀਂ, ਸਿਰਫ ਸਿਆਸੀ ਭੇੜ ਜਿਹਾ ਹੁੰਦੀਆਂ ਹਨ। ਵਿਰੋਧੀ ਧਿਰ ਦੇ ਲੀਡਰ ਰਾਹੁਲ ਗਾਂਧੀ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਹਰ ਵੱਡੇ ਆਗੂ ਨੇ ਚਸਕੇ ਅਤੇ ਚਟਕਾਰੇ ਲੈਣ ਅਤੇ ਆਪਣੇ-ਆਪਣੇ ਵਿਰੋਧੀਆਂ ਨੂੰ ਭੰਡਣ ਲਈ ਚੋਣਵੇਂ ਟੋਟਕਿਆਂ ਦੀ ਵਰਤੋਂ ਕੀਤੀ। ਸ਼ਾਇਦ ਉਨ੍ਹਾਂ ਕੋਲ ਇਹੋ ਜਿਹੇ ਮਾਹਰ ਹੋਣ, ਜਿਨ੍ਹਾਂ ਦੀ ਜ਼ਿੰਮੇਵਾਰੀ ਕੋਈ ਸਾਰਥਿਕ ਕੰਮ ਕਰਨ ਦੀ ਬਜਾਏ ਚਸਕੇਬਾਜ਼ੀ ਦਾ ਮਸਾਲਾ ਲੱਭਣ ਤੇ ਆਪਣੇ ਆਗੂ ਤੱਕ ਪੁਚਾਉਣ ਦੀ ਲੱਗੀ ਹੋਈ ਹੋਵੇਗੀ। ਨਿੱਜੀ ਪੱਧਰ ਦੀਆਂ ਘਟੀਆ ਗੱਲਾਂ ਆਮ ਜ਼ਿੰਦਗੀ ਵਿੱਚ ਵੀ ਕੋਈ ਕਰੇ ਤਾਂ ਸਾਊ ਲੋਕ ਕਹਿੰਦੇ ਹਨ ਕਿ ਕੁਝ ਨਾ ਕੁਝ ਹੱਦ ਚਾਹੀਦੀ ਹੈ, ਪਰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਣ ਵਾਲੇ ਭਾਰਤ ਦੀ ਸਰਬ ਉੱਚ ਲੋਕਤੰਤਰੀ ਸੰਸਥਾ ਹੀ ਮਰਿਆਦਾ ਦੀਆਂ ਸਭ ਹੱਦਾਂ ਪਾਰ ਕਰਦੀ ਵੇਖੀ ਗਈ। ਦੋਵਾਂ ਪੱਖਾਂ ਵੱਲੋਂ ਇੱਕ-ਦੂਸਰੇ ਦੇ ਨਿੱਜ ਬਾਰੇ ਘਟੀਆ ਸ਼ਬਦ ਇਹੋ ਜਿਹੇ ਵਰਤੇ ਗਏ, ਜਿਹੜੇ ਇਨ੍ਹਾਂ ਲੀਡਰਾਂ ਤੱਕ ਨਹੀਂ, ਚਿਰੋਕਣੇ ਪਹਿਲਾਂ ਦੁਨੀਆ ਛੱਡ ਚੁੱਕੇ ਆਗੂਆਂ ਦੀ ਵੀ ਖੇਹ ਉਡਾਉਣ ਵਾਲੇ ਸਨ। ਇਸ ਮਾਰ ਦੇ ਅਸਰ ਤੋਂ ਅੱਜ ਵਾਲੇ ਵੀ ਬਚੇ ਨਹੀਂ ਰਹੇ ਅਤੇ ਵਿਰੋਧੀ ਧਿਰ ਦੇ ਆਗੂ ਅਤੇ ਪ੍ਰਧਾਨ ਮੰਤਰੀ ਦੋਵਾਂ ਨੂੰ ਲੋਕ ਸਭਾ ਵਿੱਚ ਬੋਲ ਨਾ ਸਕਣ ਦੀ ਸਥਿਤੀ ਦਾ ਸਾਹਮਣਾ ਕਰਨਾ ਪਿਆ।

ਇਸ ਵਾਰੀ ਹੁੰਦੇ ਰਹੇ ਹੰਗਾਮਿਆਂ ਦੌਰਾਨ ਇੱਕ ਵਾਰੀ 'ਗੱਦਾਰ' ਸ਼ਬਦ ਦੀ ਵਰਤੋਂ ਵੀ ਰਾਜਨੀਤਕ ਖਹਿਬਾਜ਼ੀ ਦਾ ਕੇਂਦਰੀ ਮੁੱਦਾ ਬਣ ਗਈ ਅਤੇ ਇਸ ਦਾ ਅਸਰ ਪੰਜਾਬ ਦੇ ਸਮਾਜ ਤੇ ਸਿਆਅਤ ਤੱਕ ਵੀ ਪਿਆ। ਕਾਂਗਰਸ ਪਾਰਟੀ ਨਾਲ ਸੰਬੰਧਤ ਪਰਵਾਰ ਵਿੱਚ ਜੰਮਿਆ-ਪਲਿਆ ਤੇ ਪਾਰਲੀਮੈਂਟ ਦੀਆਂ ਦਹਿਲੀਜ਼ਾਂ ਟੱਪਣ ਜੋਗਾ ਹੋਇਆ ਰਵਨੀਤ ਸਿੰਘ ਬਿੱਟੂ ਕੋਲੋਂ ਲੰਘਦਾ ਵੇਖ ਕੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਉਸ ਨੂੰ 'ਗਦਾਰ' ਕਹਿ ਦਿੱਤਾ। ਰਵਨੀਤ ਸਿੰਘ ਬਿੱਟੂ ਨੇ ਜਵਾਬ ਵਿੱਚ ਉਸ ਬਾਰੇ 'ਦੇਸ਼ ਦਾ ਦੁਸ਼ਮਣ' ਅਤੇ ਇਹੋ ਜਿਹੇ ਕਈ ਹੋਰ ਸ਼ਬਦਾਂ ਦੀ ਵਰਤੋਂ ਕਰ ਲਈ। ਲੰਮਾ ਸਮਾਂ ਇਹ ਦੋਵੇਂ ਜਣੇ ਕਾਂਗਰਸ ਦੇ ਪਹਿਲੀ ਕਤਾਰ ਦੇ ਆਗੂ ਵਜੋਂ ਕਈ ਹੋਰ ਆਗੂਆਂ ਦੀ ਅੱਖ ਵਿੱਚ ਰੜਕਦੇ ਰਹੇ ਸਨ ਅਤੇ ਇਸ ਹਫਤੇ ਇੱਕ-ਦੂਸਰੇ ਲਈ ਏਨੇ ਘਟੀਆ ਪੱਧਰ ਦੇ ਸ਼ਬਦਾਂ ਦੀ ਵਰਤੋਂ ਕਰਨ ਨਾਲ ਮੀਡੀਏ ਦੀਆਂ ਸੁਰਖੀਆਂ ਵਿੱਚ ਆ ਗਏ। ਬਾਅਦ ਵਿੱਚ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਸ ਦੇ ਦਾਦੇ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਈ ਹੈ। ਜਵਾਬ ਵਿੱਚ ਇੱਕ ਕਾਂਗਰਸੀ ਆਗੂ ਨੇ ਕਹਿ ਦਿੱਤਾ ਕਿ ਜਿੱਦਾਂ ਦੀ ਕੁਰਬਾਨੀ ਬਿੱਟੂ ਦੇ ਦਾਦੇ ਬੇਅੰਤ ਸਿੰਘ ਨੇ ਦਿੱਤੀ ਸੀ, ਓਦਾਂ ਦੀਆਂ ਕੁਰਬਾਨੀਆਂ ਰਾਹਲ਼ ਗਾਂਧੀ ਦੇ ਬਾਪ ਰਾਜੀਵ ਗਾਂਧੀ ਤੇ ਦਾਦੀ ਇੰਦਰਾ ਗਾਂਧੀ ਨੇ ਇੱਕ ਨਹੀਂ, ਦੋ ਦਿੱਤੀਆਂ ਹੋਈਆਂ ਹਨ। ਇਸ ਤੋਂ ਬਾਅਦ ਦੀ ਬਹਿਸ ਵਿੱਚ ਜੋ ਕੁਝ ਆਖਿਆ-ਸੁਣਿਆ ਗਿਆ, ਉਸ ਦਾ ਜ਼ਿਕਰ ਕਰਨਾ ਵੀ ਔਖਾ ਹੈ। ਦੋਵਾਂ ਆਗੂਆਂ ਨੂੰ ਪਿਛਲੀ ਸਾਂਝ ਟੁੱਟਣ ਮਗਰੋਂ ਥੋੜ੍ਹੀ-ਬਹੁਤ ਹੱਦ ਰੱਖਣੀ ਚਾਹੀਦੀ ਸੀ, ਪਰ ਉਹ ਰੱਖ ਨਹੀਂ ਸਕੇ।

ਹੱਦ ਤਾਂ ਓਦੋਂ ਹੋ ਗਈ, ਜਦੋਂ ਰਵਨੀਤ ਬਿੱਟੂ ਲਈ ਰਾਹੁਲ ਗਾਂਧੀ ਵੱਲੋਂ ਕਹੇ ਗਏ ਸ਼ਬਦ ਨੂੰ ਪ੍ਰਧਾਨ ਮੰਤਰੀ ਅਤੇ ਉਸ ਦੀ ਪਾਰਟੀ ਨੇ ਸਾਰੇ ਸਿੱਖਾਂ ਦੀ ਸ਼ਾਨ ਦੇ ਖਿਲਾਫ ਦੱਸਿਆ ਅਤੇ ਇਸ ਨੂੰ ਸਿੱਖੀ ਦਾ ਮੁੱਦਾ ਬਣਾਉਣ ਤੁਰ ਪਏ। ਇਹ ਕੁਝ ਕਰਨ ਵਿੱਚ ਪਹਿਲ ਭਾਜਪਾ ਨੇ ਕੀਤੀ, ਫਿਰ ਇਹੋ ਮੁੱਦਾ ਕੁਝ ਥਾਂਈਂ ਅਕਾਲੀ ਆਗੂਆਂ ਨੇ ਵਰਤਣ ਅਤੇ ਇਸ ਨਾਲ ਮੁੜ ਕੇ ਭਾਜਪਾ ਹਾਈ ਕਮਾਂਡ ਨੇੜੇ ਲੱਗਣ ਦੇ ਯਤਨ ਵਿੱਢ ਲਏ। ਇਸ ਤਰ੍ਹਾਂ ਕਰਨ ਵੇਲੇ ਇਹ ਸਾਰੇ ਲੋਕ ਇਤਿਹਾਸ ਦੇ ਕਈ ਕਾਂਡ ਭੁੱਲ ਗਏ ਅਤੇ ਬੀਤੇ ਸਮਿਆਂ ਦੀਆਂ ਗਲਤੀਆਂ ਨਾਲ ਪੰਜਾਬ ਦੇ ਲੋਕਾਂ ਨੂੰ ਜਿਹੜਾ ਨੁਕਸਾਨ ਭੁਗਤਣਾ ਪਿਆ ਸੀ, ਉਹਨੂੰ ਚੇਤੇ ਰੱਖਣ ਦੀ ਵੀ ਕਿਸੇ ਨੇ ਲੋੜ ਨਹੀਂ ਸਮਝੀ। ਇਹ ਰਾਜਨੀਤੀ ਦਾ ਇੱਕ ਦੁਖਾਂਤਕ ਪੱਖ ਸੀ।

ਬਹਿਸ ਦਾ ਦੂਸਰਾ ਮੁੱਦਾ ਗਲਵਾਨ ਘਾਟੀ ਵਿੱਚ ਚੀਨੀ ਫੌਜ ਨਾਲ ਭਾਰਤੀ ਫੌਜਾਂ ਦੀ ਕੁਝ ਸਾਲ ਪਹਿਲਾਂ ਦੀ ਟੱਕਰ ਦਾ ਸੀ, ਜਿਸ ਬਾਰੇ ਉਸ ਵੇਲੇ ਦੇ ਭਾਰਤੀ ਫੌਜ ਦੇ ਮੁਖੀ ਨੇ ਆਪਣੀ ਕਿਤਾਬ ਵਿੱਚ ਕੁਝ ਲਿਖਿਆ ਹੈ ਅਤੇ ਵਿਰੋਧੀ ਧਿਰ ਚਾਹੁੰਦੀ ਹੈ ਕਿ ਉਸ ਦੀ ਚਰਚਾ ਕੀਤੀ ਜਾਵੇ, ਕਿਉਂਕਿ ਉਸ ਵਿੱਚ ਸਰਕਾਰ ਬਾਰੇ ਟਿੱਪਣੀਆਂ ਹਨ। ਸਰਕਾਰ ਦਾ ਕਹਿਣਾ ਸੀ ਕਿ ਅਜੇ ਕਿਤਾਬ ਹੀ ਨਹੀਂ ਛਪੀ ਤਾਂ ਇਸ ਦੀ ਚਰਚਾ ਕਿੱਦਾਂ ਹੋ ਸਕਦੀ ਹੈ! ਅਗਲੇ ਦਿਨ ਉਹ ਕਿਤਾਬ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੱਢ ਲਿਆਂਦੀ ਅਤੇ ਆਖਿਆ ਕਿ ਕਿਤਾਬ ਛਪ ਚੁੱਕੀ ਹੈ, ਪਰ ਭਾਰਤ ਸਰਕਾਰ ਨੇ ਇਸ ਦੇਸ਼ ਵਿੱਚ ਇਹ ਛਪਣ ਪਿੱਛੋਂ ਜਾਰੀ ਨਹੀਂ ਹੋਣ ਦਿੱਤੀ। ਕਿਤਾਬ ਲੋਕਾਂ ਮੂਹਰੇ ਆਈ ਤਾਂ ਭਾਜਪਾ ਨਾਲ ਸੰਬੰਧਤ ਇੱਕ ਕੇਂਦਰੀ ਮੰਤਰੀ ਨੇ ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਇੱਕ ਵਿਦੇਸ਼ੀ ਔਰਤ ਵਿਚਾਲੇ ਸੰਬੰਧਾਂ ਦੀ ਕਹਾਣੀ ਪਾਉਂਦੀ ਇੱਕ ਪੁਰਾਣੀ ਕਿਤਾਬ ਕੱਢ ਲਿਆਂਦੀ, ਜਿਸ ਦੀ ਚਰਚਾ ਬਹੁਤ ਵਾਰੀ ਹੋ ਚੁੱਕੀ ਹੈ। ਜਵਾਹਰ ਲਾਲ ਨਹਿਰੂ ਇਸ ਵਕਤ ਦੁਨੀਆ ਵਿੱਚ ਨਾ ਹੋਣ ਕਾਰਨ ਜਵਾਬ ਨਹੀਂ ਦੇ ਸਕਦੇ ਅਤੇ ਉਹ ਕਿਤਾਬ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਕਿਸੇ ਨੇ ਲਿਖੀ ਸੀ। ਰਾਹੁਲ ਗਾਂਧੀ ਵੱਲੋਂ ਉਠਾਏ ਗਏ ਮੁੱਦੇ ਦਾ ਅਜੋਕੇ ਆਗੂਆਂ ਨਾਲ ਸੰਬੰਧ ਹੋਣ ਕਾਰਨ ਹਾਲਾਤ ਹੋਰ ਭੜਕਾਊ ਹੋ ਗਏ ਅਤੇ ਫਿਰ ਉਹ ਕੁਝ ਹੋ ਗਿਆ, ਜੋ ਨਾ ਹੁੰਦਾ ਤਾਂ ਚੰਗਾ ਹੁੰਦਾ। ਰਾਸ਼ਟਰਪਤੀ ਦੇ ਭਾਸ਼ਣ ਉੱਤੇ ਧੰਨਵਾਦ ਦਾ ਮਤਾ ਪ੍ਰਧਾਨ ਮੰਤਰੀ ਦੇ ਭਾਸ਼ਣ ਦੇ ਬਗੈਰ ਪਾਸ ਕਰਨਾ ਪਿਆ ਅਤੇ ਬਾਈ ਸਾਲਾਂ ਪਿੱਛੋਂ ਏਹੋ ਜਿਹੀ ਨੌਬਤ ਆਈ।

ਇਹ ਰਵਾਇਤ ਹੈ ਕਿ ਹਰ ਸਾਲ ਪਾਰਲੀਮੈਂਟ ਦੇ ਪਹਿਲੇ ਅਜਲਾਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਵੱਲੋਂ ਭਾਸ਼ਣ ਕੀਤਾ ਜਾਂਦਾ ਹੈ ਅਤੇ ਜਿਸ ਸਾਲ ਲੋਕ ਸਭਾ ਚੋਣ ਹੋਈ ਹੋਵੇ, ਨਵੇਂ ਚੁਣੇ ਮੈਂਬਰਾਂ ਦੇ ਪਹਿਲੇ ਅਜਲਾਸ ਵਿੱਚ ਵੀ ਇਹ ਭਾਸ਼ਣ ਹੁੰਦਾ ਹੈ, ਪਰ ਭਾਸ਼ਣ ਰਾਸ਼ਟਰਪਤੀ ਲਈ ਮੌਕੇ ਦੀ ਸਰਕਾਰ ਤਿਆਰ ਕਰਦੀ ਹੈ। ਇਸ ਭਾਸ਼ਣ ਵਿੱਚ ਵਕਤ ਦੀ ਸਰਕਾਰ ਆਪਣੀਆਂ ਨੀਤੀਆਂ, ਅਗਲੇ ਕੀਤੇ ਜਾਣ ਵਾਲੇ ਕੰਮਾਂ ਤੇ ਹੋਰ ਮਸਲਿਆਂ ਬਾਰੇ ਆਪਣੇ ਦੇਸ਼ ਦੇ ਲੋਕਾਂ ਲਈ ਇੱਕ ਬਾਕਾਇਦਾ ਐਲਾਨਨਾਮਾ ਪੇਸ਼ ਕਰਦੀ ਹੈ ਤੇ ਵਿਰੋਧੀ ਧਿਰ ਇਸ ਦੀ ਚੀਰ-ਪਾੜ ਕਰਦੀ ਹੈ। ਜਦੋਂ ਸਾਰੀ ਬਹਿਸ ਹੋ ਚੁੱਕਦੀ ਹੈ, ਫਿਰ ਪ੍ਰਧਾਨ ਮੰਤਰੀ ਇਸ ਵਿੱਚ ਚੁੱਕੇ ਗਏ ਮੁੱਦਿਆਂ ਦਾ ਜਵਾਬ ਦੇਂਦੇ ਤੇ ਪਾਰਲੀਮੈਂਟ ਨੂੰ ਇਹ ਭਾਸ਼ਣ ਪਾਸ ਕਰਨ ਦੀ ਬੇਨਤੀ ਕਰਦੇ ਹਨ ਤੇ ਸਰਬਸੰਮਤੀ ਨਾ ਹੋਵੇ ਤਾਂ ਬਹੁ-ਗਿਣਤੀ ਵੋਟਾਂ ਨਾਲ ਪਾਸ ਕੀਤਾ ਜਾਂਦਾ ਹੈ। ਇਸ ਵਾਰੀ ਪ੍ਰਧਾਨ ਮੰਤਰੀ ਦੇ ਭਾਸ਼ਣ ਲਈ ਮਿੱਥੇ ਵਕਤ ਤੋਂ ਪਹਿਲਾਂ ਹਾਲਾਤ ਵਿੱਚ ਏਨੀ ਕੁੜੱਤਣ ਭਰ ਚੁੱਕੀ ਸੀ ਕਿ ਵਿਰੋਧੀ ਧਿਰ ਦੀਆਂ ਮੈਂਬਰ ਬੀਬੀਆਂ ਨੇ ਜਾ ਕੇ ਪ੍ਰਧਾਨ ਮੰਤਰੀ ਦੀ ਕੁਰਸੀ ਦੁਆਲੇ ਨਾਅਰਿਆਂ ਵਾਲੇ ਬੈਨਰ ਲਾ ਦਿੱਤੇ ਅਤੇ ਇਸ ਨਾਲ ਹਾਕਮ ਅਤੇ ਵਿਰੋਧੀ ਧਿਰ ਵਿੱਚ ਨੌਬਤ ਹੱਥੋ-ਪਾਈ ਤੱਕ ਜਾਂਦੀ ਮਸਾਂ ਬਚੀ। ਨਤੀਜਾ ਫਿਰ ਇਹ ਹੋਇਆ ਕਿ ਸਪੀਕਰ ਨੂੰ ਹਾਊਸ ਉਠਾਉਣਾ ਪਿਆ ਅਤੇ ਜਿੱਦਾਂ ਬਾਈ ਸਾਲ ਪਹਿਲਾਂ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ ਸਮੇਟਣ ਲਈ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਬਿਨਾਂ ਮਤਾ ਪਾਸ ਕੀਤਾ ਗਿਆ ਸੀ, ਐਤਕੀਂ ਵੀ ਏਦਾਂ ਹੀ ਕਰਨਾ ਪੈ ਗਿਆ।

ਉਂਜ ਰਾਸ਼ਟਰਪਤੀ ਦਾ ਭਾਸ਼ਣ ਅਤੇ ਇਸ ਨੂੰ ਪਾਸ ਕਰਨ ਦੀ ਰਵਾਇਤ ਵੀ ਹਾਸੋਹੀਣੀ ਹੈ। ਨਰਸਿਮਹਾ ਰਾਓ ਦੇ ਕਾਂਗਰਸੀ ਰਾਜ ਮਗਰੋਂ ਜਦੋਂ ਕਿਸੇ ਦੀ ਬਹੁ-ਸੰਮਤੀ ਨਾ ਆਈ ਤਾਂ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਨੂੰ ਇਸ ਦੇਸ਼ ਦੀ ਵਾਗ ਸਾਂਭਣ ਦਾ ਮੌਕਾ ਮਿਲਿਆ ਸੀ। ਉਸ ਦੀ ਸਰਕਾਰ ਨੇ ਭਾਸ਼ਣ ਆਪਣੀ ਰਾਜਨੀਤੀ ਮੁਤਾਬਕ ਤਿਆਰ ਕੀਤਾ ਅਤੇ ਰਾਸ਼ਟਰਪਤੀ ਵੱਲੋਂ ਪੜ੍ਹਨ ਦੀ ਕਾਰਵਾਈ ਕਰਵਾ ਦਿੱਤੀ। ਇਸ ਪਿੱਛੋਂ ਵਾਜਪਾਈ ਸਰਕਾਰ ਨੇ ਹੋਰਨਾਂ ਕੰਮਾਂ ਤੋਂ ਪਹਿਲਾਂ ਆਪਣੀ ਬਹੁ-ਸੰਮਤੀ ਲਈ ਭਰੋਸੇ ਦਾ ਵੋਟ ਲੈਣਾ ਸੀ, ਪਰ ਏਨੀ ਹਮਾਇਤ ਨਹੀਂ ਜੁੜ ਸਕੀ ਅਤੇ ਸਰਕਾਰ ਸਿਰਫ ਤੇਰਾਂ ਦਿਨਾਂ ਪਿੱਛੋਂ ਟੁੱਟ ਗਈ। ਫਿਰ ਜਨਤਾ ਦਲ ਦੇ ਆਗੂ ਐੱਚ ਡੀ ਦੇਵਗੌੜਾ ਨੂੰ ਅੱਗੇ ਲਾ ਕੇ ਕਈ ਧਿਰਾਂ ਦੀ ਸਾਂਝੀ ਸਰਕਾਰ ਬਣਾਈ ਗਈ, ਜਿਸ ਨੂੰ ਕਾਂਗਰਸ ਬਾਹਰੋਂ ਹਮਾਇਤ ਦੇ ਰਹੀ ਸੀ। ਉਸ ਨੇ ਭਰੋਸੇ ਦਾ ਵੋਟ ਲਿਆ ਤੇ ਫਿਰ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ ਮੌਕੇ ਇਹ ਗੱਲ ਵਾਰ-ਵਾਰ ਉੱਠਦੀ ਰਹੀ ਕਿ ਭਾਸ਼ਣ ਵਾਜਪਾਈ ਦੀ ਸਰਕਾਰ ਦਾ ਲਿਖਿਆ ਹੈ, ਇਸ ਨੂੰ ਨਵੀਂ ਸਰਕਰ ਪਾਸ ਕਰੇ ਤਾਂ ਭਾਜਪਾ ਦੀਆਂ ਨੀਤੀਆਂ ਉੱਤੇ ਮੋਹਰ ਲੱਗੀ ਮੰਨੀ ਜਾ ਸਕਦੀ ਹੈ ਅਤੇ ਨਹੀਂ ਪਾਸ ਕੀਤਾ ਜਾਂਦਾ ਤਾਂ ਰਾਸ਼ਟਰਪਤੀ ਅਹੁਦੇ ਦੀ ਸ਼ਾਨ ਘਟਦੀ ਹੈ। ਇਸ ਮਜਬੂਰੀ ਕਾਰਨ ਭਾਜਪਾ ਦੀਆਂ ਨੀਤੀਆਂ ਦਾ ਪੁਲੰਦਾ ਮੰਨੇ ਜਾਂਦੇ ਰਾਸ਼ਟਰਪਤੀ ਦੇ ਓਦੋਂ ਦੇ ਭਾਸ਼ਣ ਨੂੰ ਉਨ੍ਹਾਂ ਪਾਰਟੀਆਂ ਨੂੰ ਪਾਸ ਕਰਨਾ ਪਿਆ, ਜਿਨ੍ਹਾਂ ਦਾ ਭਾਜਪਾ ਨਾਲ ਸਖਤ ਵਿਰੋਧ ਸੀ। ਇੰਜ ਤਾਂ ਫਿਰ ਵੀ ਕਦੇ ਹੋ ਸਕਦਾ ਹੈ, ਪਰ ਇਸ ਦਾ ਹੱਲ ਕੋਈ ਨਹੀਂ ਦਿੱਸ ਰਿਹਾ।

ਜੋ ਵੀ ਹੁੰਦਾ ਹੋਵੇ, ਇਸ ਵਾਰੀ ਮਾਮਲਾ ਚੀਨੀ ਫੌਜੀਆਂ ਨਾਲ ਭਾਰਤੀ ਫੌਜੀਆਂ ਦੀ ਇੱਕ ਝੜਪ ਤੋਂ ਤੁਰਿਆ ਅਤੇ ਗੱਲ ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਵਿਚਾਲੇ ਤਲਖ-ਕਲਾਮੀ ਕਾਰਨ 'ਸਿੱਖ ਨੂੰ ਗਦਾਰ ਕਿਹਾ' ਦੇ ਦੋਸ਼ਾਂ ਤੱਕ ਪਹੁੰਚ ਗਈ ਤੇ ਪੰਜਾਬ ਵਿੱਚ ਇੱਕ ਮੁੱਦਾ ਬਣਾ ਕੇ ਮੁਜ਼ਾਹਰਿਆਂ ਦੀ ਲੜੀ ਜਿਹੀ ਬੱਝ ਗਈ। ਏਸੇ ਬਹਾਨੇ ਅਗਲੇ ਸਾਲ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਾਸਤੇ ਪ੍ਰਚਾਰ ਤੇ ਭੜਕਾਊ ਦੂਸ਼ਣਬਾਜ਼ੀ ਦਾ ਚੱਕਰ ਅਗੇਤਾ ਚੱਲ ਤੁਰਿਆ ਹੈ। ਮੁੱਦੇ ਤਾਂ ਪੰਜਾਬ ਦੇ ਲੋਕਾਂ ਦੇ ਹੀ ਬਹੁਤ ਹਨ, ਪੰਜਾਬ ਦੀ ਰਾਜਨੀਤੀ ਤੋਂ ਹਟ ਕੇ ਖਜ਼ਾਨੇ ਦੀ ਖਸਤਾ ਹਾਲਤ ਤੇ ਅਮਨ-ਕਾਨੂੰਨ ਸਮੇਤ ਬਹੁਤ ਸਾਰੀਆਂ ਹੋਰ ਸਮੱਸਿਆਵਾਂ ਫੌਰੀ ਧਿਆਨ ਮੰਗਦੀਆਂ ਹਨ। ਜਿਹੜੇ ਪੰਜਾਬ ਦੀ ਰਾਜਨੀਤੀ ਪਿਛਲੇ ਹਫਤੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸੌ ਅਠਾਈ ਸਰੂਪਾਂ ਦੇ ਗਾਇਬ ਹੋਣ ਦੀ ਜਾਂਚ ਦੁਆਲੇ ਘੁੰਮ ਰਹੀ ਸੀ, ਫਿਰ ਕਿਸਾਨਾਂ ਦੇ ਧਰਨਿਆਂ ਦੀ ਲੰਮੀ ਲੜੀ ਤੱਕ ਚਲੀ ਗਈ ਤੇ ਪਿੱਛੋਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਦੀ ਪੰਦਰਾਂ-ਵੀਹ ਕਰੋੜ ਰੁਪਏ ਦੀ ਜ਼ਮੀਨ ਇੱਕ ਮੈਨੇਜਰ ਵੱਲੋਂ ਮਾਮੂਲੀ ਮੁੱਲ ਉੱਤੇ ਵੇਚਣ ਤੱਕ ਜਾ ਪਹੁੰਚੀ। ਉਸ ਦੇ ਬਾਅਦ ਸਾਰੇ ਹੋਰ ਮੁੱਦਿਆਂ ਨੂੰ ਪਿੱਛੇ ਧੱਕ ਕੇ ਪੰਜਾਬ ਦੀ ਰਾਜਨੀਤੀ ਇਸ ਮੁੱਦੇ ਦੁਆਲੇ ਘੁੰਮਣ ਲੱਗ ਪਈ ਕਿ ਰਾਹੁਲ ਗਾਂਧੀ ਜਾਂ ਰਵਨੀਤ ਸਿੰਘ ਬਿੱਟੂ ਵਿੱਚੋਂ ਵੱਧ ਮਾੜੇ ਸ਼ਬਦ ਕਿਸ ਨੇ ਵਰਤੇ ਸਨ! ਜਦੋਂ ਇਹੋ ਜਿਹੇ ਮੁੱਦੇ ਚੁੱਕ ਕੇ ਰਾਜਨੀਤੀ ਕਰਨੀ ਸੁਖਾਲੀ ਹੋ ਸਕਦੀ ਹੋਵੇ ਤਾਂ ਗੰਭੀਰ ਸਮੱਸਿਆਵਾਂ ਦੀ ਚਰਚਾ ਕਰਨ ਦੀ ਕਿਸੇ ਨੂੰ ਲੋੜ ਹੀ ਨਹੀਂ ਰਹਿੰਦੀ।

ਪੰਜਾਬ ਦੀਆਂ ਅਗਲੀਆਂ ਚੋਣਾਂ ਲਈ ਮਸਾਂ ਇੱਕ ਸਾਲ ਬਾਕੀ ਰਹਿ ਗਿਆ ਹੈ ਅਤੇ ਇਸ ਇੱਕ ਸਾਲ ਵਿੱਚ ਆਮ ਲੋਕਾਂ ਨੇ ਅੱਜ ਵਾਲੀ ਸਰਕਾਰ ਜਾਂ ਵਿਰੋਧੀ ਧਿਰਾਂ ਵਿੱਚੋਂ ਕਿਸੇ ਇੱਕ ਦੀ ਅਗਲੀ ਚੋਣ ਲਈ ਸੋਚਣਾ ਹੈ। ਉਸ ਮੌਕੇ ਜਦੋਂ ਲੋਕਾਂ ਨੂੰ ਅਗਲੀ ਚੋਣ ਤੋਂ ਪਹਿਲਾਂ ਵੱਖ-ਵੱਖ ਪਾਰਟੀਆਂ ਦੀ ਕਾਰਗੁਜ਼ਾਰੀ ਅਤੇ ਆਪਣੇ ਰਾਜ ਦੇ ਭਵਿੱਖ, ਅਗਲੀ ਪੀੜ੍ਹੀ ਵਾਸਤੇ ਭਲੇ-ਬੁਰੇ ਦੀ ਵਿਚਾਰ ਅਤੇ ਹੋਰ ਗੱਲਾਂ ਬਾਰੇ ਸੋਚਣ ਦੀ ਲੋੜ ਹੈ, ਓਦੋਂ ਸਿਆਸੀ ਵਿਰੋਧਾਂ ਕਾਰਨ ਧਰਮ ਦੇ ਮੁੱਦੇ ਨੂੰ ਇੱਕ ਵਾਰ ਫਿਰ ਚੁੱਕ ਕੇ ਸਮਾਜ ਨੂੰ ਕੁਰਾਹੇ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕ ਇਹੋ ਜਿਹੇ ਮੁੱਦੇ ਉੱਤੇ ਹੁੰਦੀ ਰਾਜਨੀਤੀ ਨੂੰ ਅੱਗੇ ਬਥੇਰਾ ਭੁਗਤ ਚੁੱਕੇ ਹਨ ਤੇ ਇੱਕ ਵਾਰੀ ਫਿਰ ਓਹੋ ਜਿਹੀ ਖੇਡ ਖੇਡਣ ਲਈ ਚਿੰਗਾੜੀਆਂ ਸੁੱਟੀਆਂ ਜਾਣ ਲੱਗ ਪਈਆਂ ਹਨ। ਵਕਤ ਅਵੇਸਲੇ ਹੋਣ ਦਾ ਨਹੀਂ, ਜਾਗਦੇ ਰਹਿਣ ਤੇ ਆਉਂਦੀਆਂ ਬਦ-ਬਲਾਈਂ ਰੋਕਣ ਲਈ ਮਿਰਚਾਂ ਵਾਰਨ ਦਾ ਹੈ। ਪਤਾ ਨਹੀਂ ਆਉਣ ਵਾਲਾ ਵਕਤ ਕਿਹੋ ਜਿਹੇ ਨਕਸ਼ਾ ਉਲੀਕਣ ਵਾਲਾ ਹੈ!

ਹਾਏ ਓ

8-Feb-Sunday0000.qxd 2/7/2026 10:34 PM Page 4

ਦੇਹ ਦੇ ਵਣ 'ਚ ਵਹਿੰਦੀ ਨਾਟ-ਧਾਰਾ



ਚੋਕ ਮ

ਚਰਚਾ ਇਕ ਪੁਸਤਕ ਦੀ

ਡਾ. ਚੰਦਰ ਪ੍ਰਕਾਸ਼

ਵਣਧਾਰਾ

(ਨਾਟਕ)
ਸਵਰਾਜਬੀਰ
ਸਫ਼ੇ : 176, ਮੁੱਲ : 295 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਭਾਰਤੀ ਗਿਆਨ ਪਰੰਪਰਾ ਵਿਚ ਧਰਮ, ਇਤਿਹਾਸ, ਮਿਥਿਹਾਸ, ਸਿਆਸਤ, ਔਰਤ ਆਦਿ ਬਾਰੇ ਘਣਾ ਕੁਝ ਲੁਕਿਆ ਪਿਆ ਹੈ। ਇਨ੍ਹਾਂ ਪਰਤਾਂ ਨੂੰ ਫਰੋਲਣਾ; ਖੋਲ੍ਹਣਾ ਲਾਜ਼ਮੀ ਵੀ ਹੁੰਦੈ ਅਤੇ ਚੁਣੌਤੀ ਵੀ। ਚੁੱਪ ਪਈਆਂ ਸੈਨਤਾਂ ਦੀ ਸ਼ਨਾਖਤ ਕਰਕੇ ਰੂਬਰੂ ਕਰਵਾਉਣ ਨਾਲ ਨਵ-ਸੰਵਾਦ ਨੂੰ ਹੁਲਾਰਾ ਮਿਲਦਾ ਹੈ।ਗਿਆਨ-ਜਾਣਕਾਰੀ ਦੇ ਰਾਹ ਖੁੱਲ੍ਹਦੇ ਨੇ।ਭਰਮ-ਭੁਲੇਖੇ ਟੁੱਟਦੇ ਹਨ।ਪੜ੍ਹਨ, ਸੁਣਨ, ਵੇਖਣ ਵੇਲੇ ਮਨ 'ਚ ਤਰੇੜ ਪੈਂਦੀ ਹੈ, ਤਾਂ ਨਵਾਂ ਵਾਪਰਦਾ ਹੈ। ਵਿਰਲੇ ਸਿਰਜਕ ਹੀ ਇਹ ਰਾਹ ਪਾਉਂਦੇ ਹਨ। ਸਵਰਾਜਬੀਰ ਆਪਣੀ ਬੌਧਿਕ ਪ੍ਰਤਿਭਾ ਨਾਲ ਪੰਜਾਬੀ ਨਾਟਕ ਵਿੱਚ 'ਨਵਾਂ' ਜੋੜਦਾ ਹੈ। ਧਰਮ, ਇਤਿਹਾਸ, ਮਿਥਿਹਾਸ 'ਚੋਂ ਨਾਟ-ਸਮੱਗਰੀ ਭਾਲ ਕੇ ਤਿਆਰ ਕੀਤੀ ਨਾਟ-ਰਚਨਾ ਪਾਠਕ-ਦਰਸ਼ਕ ਨੂੰ ਮੁੜ ਪੜ੍ਹਨੇ ਪਾਉਂਦੀ ਹੈ। ਧਰਮ ਗੁਰੂ, ਕ੍ਰਿਸ਼ਨ, ਮੋਦਨੀ, ਸ਼ਾਇਰੀ, ਅਗਨੀ ਕੁੰਡ ਨਾਟਕ ਗਵਾਹ ਬਣੇ ਹਨ। ਇਹ ਸਿਧਾਂਤਕੀ 'ਵਣਧਾਰਾ' ਨਾਲ ਅਗਲੀ ਕੜੀ ਵਿਚ ਦਾਖ਼ਲ ਹੋਈ ਹੈ। ਇਸ ਵਿਚ 'ਅਹਿੱਲਿਆ' ਦੇ ਜੀਵਨ-ਪ੍ਰਸੰਗ ਨਾਲ ਉਪਲੱਬਧ ਬਿਰਤਾਂਤ-ਸਰੋਤਾਂ ਨੂੰ ਤਰਤੀਬਬੱਧ ਕਰਕੇ ਨਵੀਂ ਨਾਟ-ਸ਼ਕਲ ਦਿੱਤੀ ਗਈ ਹੈ। ਨਿਆਰੇਪਣ ਦਾ ਸੰਕੇਤ ਮੁੱਢਲੇ ਨਟ-ਨਟੀ ਬੋਲ ਵਿਚ ਹੀ ਕਰ ਦਿੱਤਾ ਹੈ:-ਨਮੋਂ, ਅਣਲਿਖੇ ਨੂੰ/ਨਮਨ ਕਰੇ ਹਰ ਨਰ, ਨਮਨ ਕਰੇ ਹਰ ਨਾਰੀ/ਬੋਲਾਂ ਦੇ ਸਰ ਵਿਚ, ਲਾਈਏ ਤਾਰੀ/ਸੁਣਾਈਏ, ਸੁਣਾਈਏ ਗਾਥਾ ਨਿਆਰੀ॥ (ਸਫ਼ਾ/37)

ਰਿਸ਼ਤਿਆਂ ਦੀ ਬਣਤਰਸਾਜ਼ੀ ਵਿਚ ਉਲਝੀ ਖ਼ੂਬਸੂਰਤ ਅਹਿਲਿਆ 'ਦੇਹ ਦੇ ਵਣ 'ਚ ਵਹਿੰਦੀ' ਹੈ ਅਤੇ ਆਪਣੀ ਕਹਾਣੀ ਆਪ ਕਹਿਣ ਲਈ 'ਸਮਾਜ ਫਰੇਮ' ਵਿਚੋਂ ਬਾਹਰ ਆਉਂਦੀ ਹੈ।'ਸਮਾਜੀ ਘੁਣਤਰਾਂ' ਦੀ ਲੜੀ ਤਿਆਰ ਕਰਦੇ ਹੋਏ ਸਮਝਣ ਦਾ ਹੀਲਾ ਕਰਦੇ ਹਾਂ:-

ੳ. ਗਿਆਨ 'ਤੇ ਕਾਬਜ਼ : ਧਰਮ-ਤੰਤਰ

ਭਾਰਤੀ ਸਮਾਜ-ਸੱਭਿਆਚਾਰ ਦੇ ਘੇਰੇ ਵਿਚ ਬਹੁਭਾਂਤੀ ਧਰਮ-ਪ੍ਰਸੰਗ ਕਾਰਜਸ਼ੀਲ ਰਹਿੰਦੇ ਹਨ। ਇਹ ਪ੍ਰਸੰਗ ਗਿਆਨ ਨੂੰ ਵੀ ਨਿਯੰਤ੍ਰਿਤ ਕਰਦੇ ਹਨ। ਸ਼ਬਦ, ਕਥਾ, ਮਿੱਥ, ਸੱਭਿਆਚਾਰ ਆਦਿ ਅੰਦਰ ਸਮੇਂ ਦੀਆਂ ਧੁਨੀਆਂ ਵੀ ਸਮਾਈਆਂ ਹੁੰਦੀਆਂ ਹਨ, ਪਰ ਜਦ ਧਰਮ ਜੀਵਨ 'ਚ ਦਖ਼ਲ ਦੇ ਕੇ ਇਨ੍ਹਾਂ ਨੂੰ ਆਪਣੇ ਅਨੁਸਾਰ ਮਨਾਉਣ ਦੀ ਜ਼ਿੱਦ ਕਰਦਾ ਹੈ ਤਾਂ ਤੱਥ-ਸੱਚ ਦਾ ਪਾੜ ਵਧਦਾ ਜਾਂਦਾ ਹੈ।'ਲੋਕ' ਅਤੇ 'ਸ਼ਾਸਤਰ' ਦੀ ਦੂਰੀ ਬਣਨ ਕਾਰਨ 'ਮਨਇੱਛਤ ਅਤੇ ਅਣਇੱਛਤ' ਵਾਪਰਨਾ ਤੈਅ ਹੈ।ਪਾਪ-ਪੁੰਨ, ਸ਼ੁੱਧ-ਅਸ਼ੁੱਧ, ਜਾਇਜ਼-ਨਜਾਇਜ਼, ਊਚ-ਨੀਚ, ਪੇਂਡੂ-ਸ਼ਹਿਰੀ ਆਦਿ ਵਿਰੋਧਾਤਮਕ ਰੂਪ-ਰੇਖਾ ਦੀਆਂ ਬਾਰੀਕ ਘੁੰਡੀਆਂ ਦੀ ਗੰਢ ਬੱਝੀ ਰਹਿੰਦੀ ਹੈ।ਧਰਮ 'ਲੋਕ ਪ੍ਰਵਾਨਗੀ' ਲਈ ਆਪਣੇ ਸੂਤਰ ਘੜਦਾ ਹੈ। ਅਹਿਲਿਆ ਬਾਰੇ ਪ੍ਰਾਪਤ ਬਿਰਤਾਂਤਾਂ ਅਨੁਸਾਰ :-ਅਹਿਲਿਆ ਦੇਵਤਾ ਬ੍ਰਹਮ ਦੁਆਰਾ ਸਿਰਜਤ ਪਹਿਲੀ ਖ਼ੂਬਸੂਰਤ ਔਰਤ ਸੀ, ਜਿਸ ਨੂੰ ਗੌਤਮ ਰਿਸ਼ੀ ਕੋਲ ਸੌਂਪਿਆ ਗਿਆ, ਜੋ ਪਿਤਾ ਦੀ ਭੂਮਿਕਾ ਵਜੋਂ ਹਾਜ਼ਰ ਰਹਿੰਦਾ ਹੈ। ਫਿਰ ਪਿਤਾ ਤੋਂ ਪਤੀ ਬਣਨ ਵਾਲੀ ਕਥਾ ਵੀ ਮਿਲਦੀ ਹੈ। ਰਾਮਾਇਣ ਦੇ ਪਹਿਲੀ ਕਥਾ ਵਿਚ ਇੰਦਰ ਅਤੇ ਅਹਿਲਿਆ ਦਾ ਮਿਲਾਪ ਇਕ-ਦੂਜੇ ਦੀ ਸਹਿਮਤੀ ਹੈ; ਜਦੋਂ ਕਿ ਅਗਲੇ ਵਿਚ ਇੰਦਰ ਬਲਾਤਕਾਰੀ ਅਖਵਾਉਂਦਾ ਹੈ।ਚਰਿੱਤਰਹੀਣਤਾ ਅਤੇ ਪਹਿਲੀ ਔਰਤ ਦੀ ਸੰਬੰਧਕਾਰੀ ਮਨੁੱਖ ਅਤੇ ਦੇਵਤਿਆਂ ਦੇ ਰਿਸ਼ਤੇ ਪ੍ਰਬੰਧ ਨੂੰ ਵੀ ਮੁਖ਼ਾਤਬ ਹੈ।ਬਾਲਕਾਂਡ, ਉਤਰਕਾਂਡ ਭਿੰਨ ਹਨ। ਅਹਿਲਿਆ ਦੇ ਸ਼ਾਬਦਿਕ ਅਰਥ:- ਜਿਸ ਨਾਰੀ ਵਿਚ ਕੁਝ ਵੀ ਹਲਯ (ਭਾਵ ਕੁਝ ਵੀ ਨਿੰਦਣਯੋਗ) ਨਾ ਹੋਵੇ ਹਨ। ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦੀ ਪਹਿਲੀ ਜਿਲਦ ਵਿਚ ਅਹਿਲਿਆ ਸ਼ਬਦ ਦੇ ਅਰਥ 'ਨਾ ਵਾਹੀ ਗਈ ਭੂਮੀ' ਨਾਲ ਕੀਤੇ ਗਏ ਹਨ।ਇੰਦਰ ਨੂੰ ਸੂਰਜ, ਅਹਿਲਿਆ ਨੂੰ ਰਾਤ ਅਤੇ ਗੌਤਮ, ਚੰਨ ਦਾ ਪ੍ਰਤੀਕ ਹੈ। ਪੰਜਾਬੀ ਸੱਭਿਆਚਾਰ, ਲੋਕ ਕਥਾ ਵਿਚ ਕੁੱਕੜ ਦੀ ਬਾਂਗ, ਇਸ਼ਨਾਨ ਆਦਿ ਨਾਲ ਇੰਦਰ ਦੀ ਕਥਾ ਗੁੰਦੀ ਜਾਂਦੀ ਹੈ। (ਸਫ਼ੇ 94-95) ਨਾਟ-ਸਿਰਜਕ ਦੀ ਟਿੱਪਣੀ ਬੜੀ ਮੁੱਲਵਾਨ ਹੈ:-ਜਿਸ ਮਨੁੱਖੀ ਕਰਮ ਨੂੰ ਚਰਿੱਤਰਹੀਣਤਾ ਕਿਹਾ ਜਾ ਰਿਹਾ ਹੈ, ਉਸ ਦਾ ਧਰਤੀ ਦੀ ਪਹਿਲੀ ਨਾਰੀ ਨਾਲ ਜੁੜਿਆ ਹੋਣਾ, ਜਟਿਲ ਅਰਥਾਂ ਦਾ ਲਖਾਇਕ ਹੈ। ਚਰਿੱਤਰਹੀਣਤਾ ਦਾ ਸੰਕਲਪ ਮਨੁੱਖੀ ਇਤਿਹਾਸ ਵਿਚ ਬਹੁਤ ਬਾਅਦ ਵਿਚ ਪੈਦਾ ਹੋਇਆ। (ਸਫ਼ਾ/126) ਕਥਾ ਸਰਿਤਾਸਾਗਰ ਮੁਤਾਬਕ ਅਹਿਲਿਆ ਦੇ ਸਰੀਰਕ ਮਿਲਾਪ ਬਾਅਦ ਇੰਦਰ ਲੁਕ ਕੇ ਬਿੱਲੇ ਦਾ ਰੂਪ ਧਾਰਦਾ ਹੈ ਅਤੇ ਅਹਿਲਿਆ ਝੂਠ ਬੋਲ ਪਤੀ ਤੋਂ ਬਚਾਉਣ ਦਾ ਯਤਨ ਕਰਦੀ ਹੈ। ਕਥਾਵਾਂ ਬਦਲਦੀਆਂ ਨੇ, ਇੰਦਰ ਛਲ ਕਪਟੀ ਬਣਦਾ ਹੈ, ਅਹਿਲਿਆ ਅਣਭੋਲਪੁਣੇ ਨੂੰ ਮਾਨਤਾ ਦਿੰਦੀ ਹੈ, ਵਣ-ਤ੍ਰਿਣ 'ਚ ਸਜ਼ਾ ਭੋਗਣਾ, ਸਰਾਪ ਮਿਲਣਾ, ਦਸ਼ਰਥ ਪੁੱਤਰਾਂ ਵੱਲੋਂ ਪਾਪ ਮੁਕਤ ਕਰਨਾ ਆਦਿ-ਆਦਿ ਵੇਰਵਿਆਂ ਨਾਲ ਕਥਾ ਵਿਚ ਚਿੱਬ ਪੈਂਦਾ ਹੈ।ਹਰ ਕਥਾ ਅਪੂਰਨ ਹੈ, ਪੂਰਨ ਦਾ ਦਾਅਵਾ ਕਰਦੀ ਹੋਈ। ਕਥਾਵਾਂ ਕਹਿਣ ਦਾ ਹੱਕ ਸੰਸਕ੍ਰਿਤ ਜ਼ੁਬਾਨ 'ਚ ਹੋਣਾ, ਵਿਦਵਾਨਾਂ ਦਾ ਧਰਮ-ਭਾਸ਼ਾ 'ਤੇ ਕਬਜ਼ਾ 'ਸੱਚ' ਨੂੰ ਪਰਿਭਾਸ਼ਤ ਕਰਦਾ ਹੈ, ਖਾਮੋਸ਼ ਜ਼ੁਬਾਨ ਆਵਾਜ਼ ਤੋਂ ਵਾਂਝੀ ਰਹਿੰਦੀ ਹੈ। ਇਹ ਨਾਟ-ਸੰਵਾਦ ਪੜ੍ਹੋ : ਤੀਵੀਂਆਂ ਦੀਆਂ ਸੁਣਾਈਆਂ ਕਹਾਣੀਆਂ ਰਾਤ ਦੀ ਗੋਦ ਵਿਚ ਸੌਂ ਜਾਂਦੀਆਂ ਨੇ। ਮਰਦਾਂ ਦੀਆਂ ਘੜੀਆਂ ਕਥਾਵਾਂ ਦਿਨ ਦੇ ਉਜਾਲੇ ਵਿਚ ਚਮਕਦੀਆਂ ਨੇ, ਸਦੀਆਂ ਦੀਆਂ ਸਦੀਆਂ ਜਿਉਂਦੀਆਂ ਰਹਿੰਦੀਆਂ ਨੇ। (ਸਫ਼ਾ/38) ਰਿਸ਼ੀ ਗੌਤਮ ਵੇਦ ਗਿਆਤਾ, ਗਣਿਤ ਸ਼ਾਸਤਰੀ, ਅਹਿਲਿਆ ਨੂੰ ਸਿੱਖਿਆ ਦੀਖਿਆ ਦੇਣ ਵਾਲਾ ਗੁਰੂ, ਵੱਡਾ ਗੁਣੀ ਗਿਆਨੀ ਹੈ। ਮਹਾਂਗਿਆਨੀ ਵਡੇਰੀ ਉਮਰ ਦਾ ਹੈ; ਪਿਤਾ ਵੀ ਅਤੇ ਪਤੀ ਵੀ। ਪੁਰਸ਼ ਸੱਤਾ, ਵਰਣ ਵਿਵਸਥਾ, ਧਰਮ ਆਦਿ ਦੇ ਅਧਿਕਾਰੀ ਸਮੇਤ। ਉਹ ਧਾਰਮਿਕ ਨੈਤਿਕਤਾ ਦੀ ਕੰਡਿਆਲੀ ਵਾੜ ਵਲ ਕੇ ਦਬੈਲ ਬਣਾਉਂਦਾ ਹੈ। ਨੇਕ ਪਤਨੀਆਂ ਪ੍ਰਸ਼ਨ ਨਹੀਂ ਪੁੱਛਦੀਆਂ ਕਹਿ ਸਵਾਲ ਪੁੱਛਣ 'ਤੇ ਰੋਕ ਲਾਉਂਦਾ ਹੈ।(ਸਫ਼ਾ/76) ਅਤੇ ਇੱਥੇ ਗਿਆਨਪੂਰਨ ਜਾਨਣਾ ਇਹ ਵੀ ਜ਼ਰੂਰੀ ਹੈ ਕਿ ਬ੍ਰਹਮਾ ਹੀ ਨਿਆਣੀ ਅਹਿਲਿਆ ਨੂੰ ਇਸ ਯੋਗ ਬਣਾਉਣ ਲਈ ਪ੍ਰੇਰਿਤ ਕਰਦਾ ਹੈ : ਗਿਆਨ ਜੀਵਨ ਦਾ ਆਧਾਰ ਹੈ।ਵਿੱਦਿਆ ਤੇ ਗਿਆਨ ਸੁੰਦਰਤਾ ਨੂੰ ਚਾਰ ਚੰਨ੍ਹ ਲਾ ਦਿੰਦੇ ਨੇ। (ਸਫ਼ਾ/45) ਇਉਂ ਇਹ ਗਿਆਨ ਅਤੇ ਰੂਪ ਦੀ ਪੂੰਜੀ ਨੂੰ ਗੌਤਮ ਰਿਸ਼ੀ ਅੱਗੇ ਸਮਰਪਿਤ ਹੋਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਦੂਜੇ ਬੰਨੇ ਇੰਦਰ ਜਵਾਨ ਅਹਿਲਿਆ ਨੂੰ ਸਾਰੇ ਵਣਾਂ ਵਿਚ ਤੇਰੇ ਰੂਪ ਤੇ ਗਿਆਨ ਦੇ ਚਰਚੇ ਕਹਿ ਵਡਿਆਉਂਦਾ ਹੈ; ਭਰਮਾਉਂਦਾ ਹੈ।(ਸਫ਼ਾ/67) ਨਾਟਕ ਬਾਲਪਣ, ਜਵਾਨ ਅਤੇ ਪਥਰਾਈ ਅਹਿਲਿਆ ਦਾ ਨਾਟ-ਬਿੰਬ ਉਸਾਰ ਕੇ ਧਰਮਤੰਤਰੀ ਸਮਾਜ ਦੀ ਕਾਬਜ਼ ਵਿਵਸਥਾ ਨੂੰ ਪਰਦਿਉਂ ਬਾਹਰ ਲਿਆਉਂਦਾ ਹੈ।ਧਾਕੜ ਤਰਕ ਨਾਲ। ਗਿਆਨ ਨੂੰ ਗਿਆਨ ਨਾਲ ਟਕਰਾ। ਇੱਕੀ ਤੱਕ ਪਹਾੜੇ ਯਾਦ ਰੱਖਣ ਵਾਲੀ ਨੂੰ ਰਾਸ਼ੀਚਕ੍ਰ ਦੀ ਵੀ ਸੋਝੀ ਹੈ। ਗਣਿਤ, ਖਗੋਲ, ਭੂਗੋਲ ਆਦਿ ਦੀ ਪੜ੍ਹਾਈ ਅਗਲੀ ਗੱਲ।

ਅ. ਦੇਹ 'ਤੇ ਕਾਬਜ਼ : ਪੁਰਸ਼-ਤੰਤਰ

ਸ਼ਬਦ ਦੀਆਂ ਮਾਤਰਾਵਾਂ ਬਦਲਣ ਨਾਲ ਰਿਸ਼ਤਿਆਂ ਵਿਚ ਢੇਰ ਫ਼ਰਕ ਪੈ ਜਾਂਦਾ ਹੈ। ਗੌਤਮ ਪਿਉ ਤੋਂ ਪਤੀ ਬਣਨ ਦੇ ਆਦੇਸ਼ ਦਾ ਪਾਲਣ ਕਰਦਾ ਹੈ। ਹੁਕਮ ਵੇਲੇ ਵਣ 'ਚ ਹਵਾ ਰੁਕਦੀ ਹੈ: ਪੰਛੀ ਚੁੱਪ ਹੁੰਦੇ ਹਨ।ਨਿਆਣੀ, ਜਵਾਨ ਅਹਿਲਿਆ ਦੇ ਖ਼ਿਆਲ ਰੱਖਣ ਦੇ ਮਾਪਦੰਡ ਵੱਖਰੇ ਹਨ, ਪਰ ਪੁਰਸ਼ ਦੀ ਸੰਗਤ ਮਾਨਣ ਦਾ ਪਤਾ ਲੱਗਣ 'ਤੇ ਅੰਦਰਲਾ ਬੰਦਾ ਜਾਗ ਉੱਠਦਾ ਹੈ : ਮੈਂ ਤੇਰਾ ਪਤੀ ਹਾਂ ਇਸ ਸ੍ਰਿਸ਼ਟੀ ਵਿਚ ਤੇਰੇ ਲਈ ਇੱਕੋ-ਇੱਕ ਪੁਰਸ਼!... ਸਭ ਤੋਂ ਸੁੰਦਰ, ਸਭ ਤੋਂ ਉੱਤਮ, ਇਕੋ-ਇਕ ਪੁਰਸ਼ ਹੈ ਤੇਰਾ ਪਤੀ! ਮੈਂ, ਰਿਸ਼ੀ ਗੌਤਮ!! ਕਿਸੇ ਦੂਸਰੇ ਪੁਰਸ਼ ਵੱਲ ਝਾਕਣਾ.. ਉਹਨੂੰ ਚਾਹੁਣਾ ਇਹ ਪਾਪ ਹੈ!(ਸਫ਼ੇ: 74-75) ਉਹ ਉਸ ਨੂੰ ਸਵਾਮੀ ਜਾਂ ਗੌਤਮ ਕਹਿ ਸੰਬੋਧਤ ਕਰਨ ਲਈ ਵੀ ਪ੍ਰੇਰਦਾ ਹੈ। ਪਥਰਾਈ ਅਹਿਲਿਆ ਉਤਰਕਾਂਡ ਦੇ ਕਵੀ ਵੱਲੋਂ ਲਿਖੇ ਇਨ੍ਹਾਂ ਬੋਲਾਂ 'ਬ੍ਰਹਮਾ ਨੇ ਸੁੰਦਰ ਅਹਿਲਿਆ ਗੌਤਮ ਨੂੰ ਦੇ ਦਿੱਤੀ ਤਾਂ ਇੰਦਰ ਨੂੰ ਬਹੁਤ ਗੁੱਸਾ ਆਇਆ' ਦਾ ਜਵਾਬ ਕਰੜੇ ਸ਼ਬਦਾਂ ਵਿੱਚ ਦਿੰਦੀ ਹੈ: ਕੀ ਮੈਂ ਕੋਈ ਗਊ ਜਾਂ ਮੱਝ ਸਾਂ ਕਿ ਇੰਦਰ ਨੂੰ ਨਾ ਦਿੱਤੀ ਤੇ ਗੌਤਮ ਨੂੰ ਦੇ ਦਿੱਤੀ। (ਸਫ਼ਾ/97) ਗੌਰਯੋਗ ਹੈ।ਨਾਰੀ ਦੇਹ ਨੂੰ ਵਸਤ ਵਾਂਗ ਇਸਤੇਮਾਲ ਕਰਨ ਦੀ ਪ੍ਰਵਿਰਤੀ-ਪ੍ਰਕਿਰਤੀ ਸਮਾਜ ਨੂੰ ਕਲੰਕਿਤ ਕਰਦੀ ਹੈ।ਨਾਟਕ ਵਿਚ ਕਥਾਸਰਿਤਸਾਗਰ ਦੇ ਸਿਰਜਕ ਮੰਨੇ ਜਾਣ ਵਾਲੇ ਮਹਾਂਕਵੀ ਸੋਮਦੇਵ ਭੱਟ ਦਾ ਮਤ ਇਹੋ ਜਿਹਾ ਹੀ ਨਜ਼ਰ ਆਉਂਦਾ ਹੈ : ਮੈਂ ਨਾਰੀ ਨੂੰ ਓਥੇ ਰੱਖਿਆ ਜਿੱਥੇ ਰੱਖਣਾ ਚਾਹੀਦੈ ..ਜੁੱਤੀ ਦੇ ਹੇਠਾਂ ।ਮੈਂ ਲੋਕਾਂ ਨੂੰ ਦੱਸਿਆ ਕਿ ਇਹ ਨਾਰੀਆਂ ਚੰਚਲ ਹਾਰੀਆਂ ਕਾਮ ਦੀਆਂ ਹਿਰਸੀਆਂ ਰੰਨਾ ਨੇ। ਤਰ੍ਹਾਂ-ਤਰ੍ਹਾਂ ਦੇ ਚਲਿੱਤਰ ਕਰਕੇ ਪੁਰਸ਼ਾਂ ਨੂੰ ਧੋਖਾ ਦਿੰਦੀਆਂ ਨੇ ।ਫਰੇਬ ਕਰਦੀਆਂ ਨੇ।ਪੁਰਸ਼ਾਂ ਨੂੰ ਚਾਹੀਦੈ.. ਹੁਸ਼ਿਆਰ ਰਹਿਣ, ਇਹਨਾਂ ਨੂੰ ਸੰਭਾਲ ਕੇ ਰੱਖਣ.. ਪੁਰਸ਼ ਦੇ ਬਣਾਏ ਨੇਮਾਂ ਹੇਠਾਂ ਦਬਾ ਕੇ ਰੱਖਣ। ਤੇ ਜਿਹੜੀ ਨਾਰੀ ਪੁਰਸ਼-ਨੇਮ ਨੂੰ ਤੋੜੇਗੀ, ਉਹ ਸੈਲ ਪੱਥਰ ਬਣਾ ਦਿੱਤੀ ਜਾਏਗੀ। (ਸਫ਼ਾ;109) ਇਸ ਸੰਵਾਦ ਨੇ ਸ਼ਾਸਤਰੀ ਵਿਚਾਰਾਂ ਦੀ ਪਰਤ ਨੂੰ ਉਧੇੜਿਆ ਹੈ।ਦੈਹਿਕਤਾ ਦੀ ਜੈਵਿਕ ਹੋਂਦ ਨੂੰ ਸਰਲ ਵਰਤੋਂਯੋਗ ਤੱਕ ਸੀਮਤ ਕਰਨਾ ਵਖਰੇਵੇਂ ਦਾ ਸੂਚਕ ਹੈ।ਭੋਗਣਹਾਰ ਵਸਤੂ ਨੂੰ ਹਿੰਸਾ 'ਚ ਬਦਲਣਾ ਹੋਰ ਵੀ ਘਿਨੌਣਾ ਕਾਰਜ। ਬਾਲ ਕਾਂਡ ਤੋਂ ਉੱਤਰਕਾਂਡ ਤੱਕ ਆਉਂਦਿਆਂ ਪਾਲਣ ਬਨਾਮ ਭੋਗਣ ਦੀ ਮਨੋਦਸ਼ਾ ਵੀ ਪਤਾ ਲੱਗਣ ਲੱਗਦੀ ਹੈ।ਇਸ ਅਸਹਿ ਪੀੜ ਨੂੰ ਸਮਝਣ ਲਈ ਮਨੋਵਿਗਿਆਨਕ ਸੂਝ ਚਾਹੀਦੀ ਹੈ। ਜਿਵੇਂ-ਇਹ ਪਹਿਲੀ ਪਹਿਲੀ ਪੀੜ ਹੈ/ਦੇਹੀ ਨੂੰ ਗਈ ਚੀਰ ਹੈ/ਲਹੂ ਵਗਿਆ ਜਿਵੇਂ ਨੀਰ ਹੈ। (54) ਜੀਵਨ ਅਵਸਥਾਵਾਂ ਅਨੁਕੂਲ ਦੇਹ ਦੀ ਨਾਟ-ਧਾਰਾ ਵਹਿੰਦੀ ਰਹਿੰਦੀ ਹੈ।'ਕੰਨਿਆ' ਪਿਤਾ ਦੀ ਸੰਪਤੀ ਹੈ। ਫਿਕਰਾ ਵੀ ਮਾਨਵੀ ਅਸਮਾਨਤਾ ਦੀ ਦੱਸ ਪਾਉਂਦਾ ਹੈ। ਮਰਦਾਵਾਂ ਕਦਰ ਪ੍ਰਬੰਧ ਪਾਪ-ਮੁਕਤ ਕਰਨਾ ਵੀ ਜਾਣਦੈ।

ੲ. ਮੁਹੱਬਤ 'ਤੇ ਕਾਬਜ਼ : ਸਮਾਜ-ਤੰਤਰ

ਮੁਹੱਬਤ ਬਰਾਬਰਤਾ ਦੀ ਖੋਜ ਦਾ ਨਾਂਅ ਹੈ ਸੁਖਦ ਅਹਿਸਾਸ। ਰਮਾਇਣ ਦੀ ਪਹਿਲੀ ਕਥਾ ਵਿਚ ਅਹਿਲਿਆ ਅਤੇ ਇੰਦਰ ਦਾ ਮਿਲਣ ਮੁਹੱਬਤੀ ਹੈ, ਪਰ ਪੁਰਸ਼-ਤੰਤਰੀ ਵਿਧਾਨ ਵਿਚ ਅਸਵੀਕਾਰਯੋਗ। ਨਿੰਦਣਯੋਗ। ਭੰਡਣਯੋਗ। ਸਜ਼ਾਯੋਗ ਅਤੇ ਪਾਪਯੋਗ ਵੀ। ਸਮਾਜ ਨੂੰ ਚੇਤੰਨ ਕਰਨ ਲਈ ਮੁਹੱਬਤ ਨੂੰ ਠੁਕਰਾਇਆ ਵੀ ਜਾਂਦਾ ਹੈ, ਜਦੋਂ ਕਿ ਮੁਹੱਬਤ ਨੇਮ ਤੋਂ ਪਹਿਲਾਂ ਦਾ ਨੇਮ ਹੈ। ਨਿਰਦੇਸ਼ ਰਹਿਤ। ਜੀਵਨ ਹੋਂਦ ਦੇ ਸਰੋਤ ਦਾ ਆਧਾਰ। ਮੁਹੱਬਤ ਕਾਮਨਾ ਵੀ ਹੈ। ਅਨੰਦ ਵੀ। ਮਨੁੱਖ ਮੁਹੱਬਤੀ ਪ੍ਰਵਚਨ ਨੂੰ ਦਿਲ ਤੋਂ ਲੈ ਕੇ ਵਜੂਦ ਤੱਕ ਜੀਉਂਦਾ ਹੈ। ਡਾ. ਜਗਜੀਤ ਸਿੰਘ ਲਿਖਦੇ ਹਨ: ਮੁਹੱਬਤ ਦਾ ਪ੍ਰਵਚਨ ਤਾਂ ਮਨੁੱਖ ਦੀ ਦੇਹ ਵਿਚ ਜਗਦਾ ਦੀਵਾ ਹੈ। (ਪੰਜਾਬੀ ਸੂਫ਼ੀ ਕਾਵਿ ਪ੍ਰਵਚਨ/ਸਫ਼ਾ 226)। ਵਿਸ਼ਵਾ ਮਿੱਤਰ ਵਰਗੇ ਬੁੱਧੀਮਾਨ ਮੁਹੱਬਤ ਦੀ ਅਹਿਮੀਅਤ ਵੱਲ ਸੰਕੇਤ ਕਰਦੇ ਹੋਏ ਇਸ ਨੂੰ ਜੈਵਿਕ ਅਤੇ ਪ੍ਰਕਿਰਤਕ ਰੂਪ ਵਿਚ ਤੱਕਦੇ ਹਨ। ਜਿਵੇਂ ਪੁਰਸ਼ ਨੂੰ ਚਾਹੁਣਾ ਨਾਰੀ ਦੀ ਪ੍ਰਕ੍ਰਿਤੀ/ਪੁਰਸ਼ ਵੀ ਏਦਾਂ ਹੀ ਕਰਦੇ/ਅਹਿਲਿਆ ਵੱਲ ਤੱਕੋ/ਕਿੰਨਾ ਉਜਲਾ ਹੈ ਮੁਖ ਓਸਦਾ/ਕਿੰਨੇ ਸੋਹਣੇ ਨੇ ਨੈਣ ਉਹਦੇ। (ਸਫ਼ਾ/94) ਇਹ ਬੋਲ ਪੁਰਸ਼ ਤੰਤਰ ਅਤੇ ਧਰਮ ਤੰਤਰ ਤੋਂ ਮੁਕਤ ਹਨ, ਪਰ ਸਮਾਜਕ ਪ੍ਰਬੰਧ ਮੁਹੱਬਤ ਵਿਚ ਵੰਡੀ ਪਾਉਂਦੇ ਹੋਏ ਪਹਿਲ-ਦੂਜ, ਨਿਰਭਰ-ਪਰ ਨਿਰਭਰ, ਵੱਡੇ-ਛੋਟੇ ਟੋਟੇ ਕਰਦਾ ਹੈ। ਅਹਿਲਿਆ ਅਤੇ ਗੌਤਮ ਰਿਸ਼ੀ ਦੇ ਰਿਸ਼ਤੇ ਗੁਰੂ-ਸ਼ਿਸ਼, ਪਿਉ-ਧੀ, ਪਤੀ-ਪਤਨੀ, ਮਾਲਕ-ਅਧੀਨ ਵਾਲੇ ਰਹੇ ਹਨ। ਇਸ 'ਚੋਂ ਮੁਹੱਬਤ ਗਾਇਬ ਹੈ।ਇਸ ਲਈ ਤਾਂ ਉਹ ਉਸ ਦੀ ਦੈਹਿਕ ਸੁੰਦਰਤਾ: ਕਿੰਨਾ ਸੁਭਾਗਾ ਹੋਏਗਾ ਉਹ ਨਰ, ਜਿਸ ਦੀ ਤੂੰ ਪਤਨੀ ਬਣੇਂਗੀ ਤੱਕ ਸੀਮਤ ਹੈ। ਮੁਹੱਬਤ, ਬੇਮੇਚ ਨੂੰ ਨਾਪਸੰਦ ਕਰਦੀ ਹੈ। ਦੂਸਰੇ ਪਾਸੇ ਜਦ ਯਾਮਿਨੀ ਅਹਿਲਿਆ ਨੂੰ ਇੰਦਰ ਦੇ ਸਾਹਸੀ, ਬਲਵਾਨ, ਸ਼ਕਤੀਸ਼ਾਲੀ, ਸੁੰਦਰ ਹੋਣ ਦੀ ਦੱਸ ਪਾਉਂਦੀ ਹੈ ਤਾਂ ਉਸ ਦੇ ਅੰਗਾਂ ਵਿਚ ਮਸਤੀ ਭਰ ਜਾਂਦੀ ਹੈ।ਕਾਮਨਾਮਈ ਹੋਈ ਇੰਦਰ ਨਾਲ ਸੰਗ ਕਰਨ ਬਾਅਦ ਸੰਤੁਸ਼ਟੀ ਦਾ ਪ੍ਰਗਟਾਵਾ ਇਉਂ ਕਰਦੀ ਹੈ: ਤੇ ਇੰਦਰ ਨੇ ਜਗਾਈਆਂ ਸੁੱਤੀਆਂ ਤਰਬਾਂ, ਤਰੰਗਾਂ/.. ਤੇ ਮੈਨੂੰ ਪਤਾ ਲੱਗਿਆ/ਕੀ

8-Feb-Sunday0000.qxd 2/7/2026 10:35 PM Page 6

ਸਵਰਾਜਬੀਰ ਦੇ ਨਾਟਕ 'ਵਣਧਾਰਾ' 'ਤੇ ਗੋਸ਼ਟੀ

ਚੰਡੀਗੜ੍ਹ : ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਡਾ. ਸਵਰਾਜਬੀਰ ਦੇ ਨਾਟਕ 'ਵਣਧਾਰਾ' 'ਤੇ ਚੰਡੀਗੜ੍ਹ ਵਿਖੇ ਡਾ. ਸੁਖਦੇਵ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਗੋਸ਼ਟੀ ਕਰਵਾਈ ਗਈ। ਡਾ. ਸਵਰਾਜਬੀਰ ਦੇ ਨਵੇਂ ਨਾਟਕ-'ਵਣਧਾਰਾ' ਬਾਰੇ ਚਰਚਾ ਕਰਦਿਆਂ 'ਹੁਣ' ਦੀ ਸੰਪਾਦਕ ਕਮਲ ਦੁਸਾਂਝ ਨੇ ਕਿਹਾ ਕਿ ਇਹ ਰਮਾਇਣ ਵਿਚਲੀ ਪਿੱਤਰਸੱਤਾ ਦੇ ਵਿਸ਼ਲੇਸ਼ਣ ਦਾ ਨਾਟਕ ਹੈ। ਔਰਤ ਦੀ ਹੋਂਦ, ਹਸਤੀ ਤੇ ਅਧਿਕਾਰਾਂ ਨੂੰ ਮਧੋਲਣ ਲਈ ਮਿੱਥਾਂ ਘੜੀਆਂ ਜਾਂਦੀਆਂ ਹਨ। ਮੁੱਖ ਪਾਤਰ ਅਹਿਲਿਆ ਪੱਥਰ ਹੋ ਕੇ ਵੀ ਸਵਾਲ ਖੜ੍ਹੇ ਕਰਦੀ ਹੈ। ਮਿੱਥਾਂ ਦੀ ਪੂਜਾ ਨਹੀਂ, ਪੜਚੋਲ ਹੋਣੀ ਚਾਹੀਦੀ ਹੈ। ਇਹ ਸਾਹਿਤਕ ਰਚਨਾ ਦੇ ਨਾਲ ਸਮਾਜਕ ਦਸਤਾਵੇਜ਼ ਵੀ ਹੈ। ਪ੍ਰੋ. ਅਤੈ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਮਿੱਥ ਝੂਠ ਨਹੀਂ, ਰਚਨਾਤਮਕ ਚਿੰਨ੍ਹ ਵੀ ਹੁੰਦਾ ਹੈ। ਸਾਡੀ ਲੋਕ ਚੇਤਨਾ ਵਿੱਚ ਮਿੱਥਾਂ ਪਈਆਂ ਹਨ। ਮਿੱਥਾਂ ਤੋਂ ਪਾਰ ਵੀ ਝਾਕਣਾ ਪੈਂਦਾ ਹੈ। ਇਹ ਬ੍ਰਹਿਮੰਡੀ ਚੇਤਨਾ ਦਾ ਨਾਟਕ ਹੈ। ਸ੍ਰੀ ਅਭੈ ਸਿੰਘ ਨੇ ਕਿਹਾ ਕਿ ਜੰਗਲ ਨਰ ਪ੍ਰਧਾਨ ਰਿਹਾ ਹੈ। ਉੱਥੋਂ ਇਹ ਬਿਰਤੀ ਤੇ ਭਾਸ਼ਾ ਇਨਸਾਨ ਵਿੱਚ ਵੀ ਆਈ। ਬਹੁਤੇ ਭੇੜ ਔਰਤਾਂ ਉੱਤੇ ਕਬਜ਼ੇ ਕਾਰਨ ਹੋਏ। ਇਸ ਲਈ ਇਸਲਾਮ ਵਿੱਚ ਚਾਰ ਪਤਨੀਆਂ ਤੱਕ ਪਾਬੰਦੀ ਲਾਉਣੀ ਪਈ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਆਦਿ

ਕਾਲ ਵਿੱਚ ਭੈਣ ਭਰਾ ਦੇ ਪਤੀ ਪਤਨੀ ਬਣਨ ਦੀ ਵਰਜਣਾ ਨਹੀਂ ਸੀ। ਔਰਤ ਦਾ ਮੁੱਖ ਕੰਮ ਬੱਚੇ ਪਾਲਣਾ ਸੀ। ਸੱਭਿਅਤਾ ਦੇ ਵਿਕਾਸ ਨਾਲ ਪਿੱਤਰਕੀ ਨੈਤਿਕਤਾ ਘੜੀ ਗਈ। ਡਾ. ਰਾਜੇਸ਼ ਕੁਮਾਰ ਜੈਸਵਾਲ ਨੇ ਕਿਹਾ ਕਿ ਮਿੱਥਾਂ ਨੂੰ ਤੋੜਨਾ ਸ਼ਕਤੀ ਦੇ ਢਾਂਚੇ ਨੂੰ ਤੋੜਨਾ ਹੁੰਦਾ ਹੈ। ਡਾ. ਹਰਮੇਲ ਸਿੰਘ ਨੇ ਕਿਹਾ ਕਿ ਨਾਟਕ ਔਰਤ ਦੇ ਕੁਦਰਤ ਦੀ ਸਾਂਝ ਦੀਆਂ ਪਰਤਾਂ ਫਰੋਲਦਾ ਹੈ।ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੁਰਾਤਨ ਕਾਲ ਵਿੱਚ ਪਖੰਡ ਘੱਟ ਸਨ। ਉਦੋਂ ਗਿਆਨ ਦਾ ਵਰਗੀਕਰਨ ਨਹੀਂ ਸੀ ਹੋਇਆ। ਸਭ ਕੁਝ ਮੌਖਿਕ ਚੱਲਦਾ ਸੀ। ਕਾਗਜ਼ ਦੀ ਖੋਜ ਪਿੱਛੋਂ ਗਿਆਨ ਦਾ ਲੋਕਤੰਤਰੀਕਰਨ ਹੋਇਆ। ਬੰਦੇ ਨੇ ਕੁਦਰਤ ਦੇ ਵਰਗੀਕਰਨ ਲਈ ਮਿੱਥਾਂ ਘੜੀਆਂ ਤੇ ਕੁਝ ਆਸਥਾਵਾਂ ਨਿਸ਼ਚਿਤ ਕੀਤੀਆਂ। ਗੀਤਾ ਪ੍ਰੈੱਸ ਅਨੁਸਾਰ ਤਿੰਨ ਸੌ ਰਮਾਇਣਾਂ ਉਪਲੱਬਧ ਹਨ। ਕੋਈ ਕਿਸੇ ਦੂਜੀ ਨਾਲ ਨਹੀਂ ਮਿਲਦੀ ਹੈ।

ਡਾ. ਅਰੀਤ ਕੌਰ ਨੇ ਕਿਹਾ ਕਿ ਹੁਣ ਮਿੱਠੀਆਂ ਗੱਲਾਂ ਕਰਨ ਦਾ ਸਮਾਂ ਬੀਤ ਗਿਆ ਹੈ। ਅਸੀਂ ਖਤਰਿਆਂ ਵੱਲ ਵਧ ਰਹੇ ਹਾਂ। ਇੱਕ ਧਰਮ ਲੋਕਾਂ ਉੱਤੇ ਗਲਬਾ ਪਾ ਰਿਹਾ ਹੈ। ਜਿਹੜਾ ਧਰਮ ਨਫ਼ਰਤ ਫਲਾਵੇ ਤੇ ਔਰਤ ਦਾ ਅਪਮਾਨ ਕਰੇ, ਉਹ ਸਾਨੂੰ ਮਨਜ਼ੂਰ ਨਹੀਂ। ਧਰਮ ਵਿੱਚੋਂ ਪ੍ਰੇਮ, ਦਯਾ ਤੇ ਮੁਆਫੀ ਮਨਫ਼ੀ ਹੋ ਗਏ ਹਨ। ਡਾ. ਰਘੁਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਨਾਟਕ ਵਿੱਚ ਔਰਤ ਪੁਰਸ਼ ਤੰਤਰ 'ਤੇ ਸਵਾਲ ਕਰਦੀ ਹੈ। ਉਹ ਪ੍ਰਾਚੀਨ ਗ੍ਰੰਥਾਂ ਵਿੱਚ ਛੁਪੀ ਮਰਦ ਸੱਤਾ ਨੂੰ ਪੜਚੋਲਦੀ ਹੈ। ਸਵਾਲ ਚੁੱਕਣਾ ਹੀ ਵੱਡਾ ਕੰਮ ਹੈ। ਇਹ ਬਹੁਤ ਖੂਬਸੂਰਤ ਰਚਨਾ ਹੈ।ਡਾ. ਸਵਰਾਜਬੀਰ ਨੇ ਸਰੋਤਿਆਂ ਦੇ ਸਨਮੁਖ ਹੁੰਦਿਆਂ ਕਿਹਾ ਕਿ ਕਬੀਲੇ ਤੋਂ ਸੱਭਿਅਕ ਸਮਾਜ ਦੇ ਵਿਕਾਸ ਦੀ ਇੱਕ ਲੰਮੀ ਯਾਤਰਾ ਹੈ। ਇਸ ਦੀਆਂ ਨੀਂਹਾਂ ਵਿੱਚ ਜਗੀਰੂ ਤੱਤ ਵੀ ਪਏ ਹਨ। ਕਿਰਤ ਵਿੱਚ ਔਰਤ ਦੀ ਭਾਗੀਦਾਰੀ ਹੋਣ ਨਾਲ ਸਮਾਨਤਾ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ। ਔਰਤਾਂ ਬਾਰੇ ਫ਼ੈਸਲੇ ਮਰਦ ਨਾ ਕਰਨ। ਨਾਟਕ ਵਿੱਚ ਅਦਬ ਤੇ ਨੈਤਿਕਤਾ ਨਾਲ ਜਵਾਬ ਦੇਣ ਦਾ ਯਤਨ ਕੀਤਾ ਗਿਆ ਹੈ।

ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਅਸੀਂ ਪਿੱਤਰ ਸੱਤਾ ਅਤੇ ਬ੍ਰਾਹਮਣਵਾਦੀ ਸੋਚ ਦੇ ਗੁਲਾਮ ਹੋ ਚੁੱਕੇ ਹਾਂ। ਇਹ ਮਰਿਆਦਾ ਸਾਨੂੰ ਸਵੀਕਾਰ ਨਹੀਂ ਹੈ। ਮਿੱਥ ਗਿਆਨ ਦੀ ਵਿਧਾ ਹੈ, ਜੋ ਬੰਧਨ ਬਣ ਗਿਆ ਹੈ। ਮਿੱਥ ਸੱਤਾ ਦੇ ਹੱਥ ਆ ਕੇ ਨੁਕਸਾਨ ਕਰਦੀ ਹੈ। ਇਹ ਇਨਕਾਊਂਟਰ ਦੀ ਟੈਕਸਟ ਹੈ। ਇਸ ਵਿੱਚ ਅਹਿਲਿਆ ਦਾ ਮਾਨਵੀ ਰੂਪ ਗੈਰ ਹਾਜ਼ਰ ਹੈ। ਇਹ ਜਜ਼ਬੇ, ਚਾਹਤ 'ਤੇ ਪ੍ਰਸ਼ਨ ਕਰਨ ਦੀ ਲਿਖਤ ਹੈ।

ਸ੍ਰੀ ਪਰਮਿੰਦਰ ਸਿੰਘ ਗਿੱਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਵਿਸ਼ਵ ਗੁਰੂ ਬਣਨ ਤੋਂ ਪਹਿਲਾਂ ਸਾਨੂੰ ਬ੍ਰਾਹਮਣਵਾਦੀ ਸੋਚ ਤੇ ਸੱਤਾ ਨਾਲ ਲੜਨਾ ਪਵੇਗਾ। ਇਹ ਕੰਮ ਥਾਲੀਆਂ ਖੜਕਾਅ ਕੇ ਨਹੀਂ, ਲੋਕ ਸ਼ਕਤੀ ਨਾਲ ਹੋਣਾ ਹੈ।ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

ਡਾ. ਬੇਦੀ ਦੀ ਪੁਸਤਕ 'ਨਾਵਲ ਮੇਰੀ ਨਜ਼ਰ ਵਿੱਚ' 'ਤੇ ਗੋਸ਼ਟੀ

ਬਰਨਾਲਾ-ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਡਾ. ਸਤਨਾਮ ਸਿੰਘ ਜੱਸਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਡਾ. ਭੁਪਿੰਦਰ ਸਿੰਘ ਬੇਦੀ ਦੀ ਪੁਸਤਕ 'ਨਾਵਲ ਮੇਰੀ ਨਜ਼ਰ ਵਿਚ' 'ਤੇ ਪੇਪਰ ਪੜ੍ਹਦਿਆਂ ਡਾ. ਰਾਮਪਾਲ ਸ਼ਾਹਪੁਰੀ ਨੇ ਨਾਰਥਰਪ ਫਰਾਈ ਦੇ ਹਵਾਲੇ ਨਾਲ ਕਿਹਾ ਕਿ ਉਹ ਅਕਾਦਮਿਕ ਆਲੋਚਨਾ ਨੂੰ ਪ੍ਰਮਾਣਿਕ ਆਲੋਚਨਾ ਮੰਨਦਿਆਂ ਡਾ. ਬੇਦੀ ਦੀ ਪੁਸਤਕ ਨੂੰ ਖੋਜਾਰਥੀਆਂ ਲਈ ਲਾਹੇਵੰਦ ਦੱਸਿਆ। ਬਹਿਸ ਦਾ ਆਗਾਜ਼ ਡਾ. ਹਰੀਸ਼ ਨੇ ਕਰਦਿਆਂ ਕਿਹਾ ਕਿ ਪੁਸਤਕ ਵਿਚਲੇ ਪੇਪਰਾਂ ਨੂੰ ਪੜ੍ਹ ਕੇ ਨਾਵਲ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ।ਇਸ ਤਰ੍ਹਾਂ ਦੇ ਵਿਚਾਰ ਡਾ. ਤੇਜਾ ਸਿੰਘ ਤਿਲਕ ਦੇ ਸਨ। ਲੇਖਕ ਬੂਟਾ ਸਿੰਘ ਚੌਹਾਨ ਨੇ ਡਾ. ਬੇਦੀ ਦੇ ਸਿਰੜੀ ਸੁਭਾਅ ਦੀ ਸ਼ਲਾਘਾ ਕੀਤੀ।

ਡਾ. ਸੰਪੂਰਨ ਸਿੰਘ ਟੱਲੇਵਾਲੀਆ, ਪ੍ਰਿੰ. ਹਰੀਸ਼ ਬਾਂਸਲ, ਤੇਜਿੰਦਰ ਚੰਡਿਹੋਕ, ਪ੍ਰੋ. ਹਰਪ੍ਰੀਤ ਕੌਰ, ਦਰਸ਼ਨ ਸਿੰਘ ਗੁਰੂ, ਪ੍ਰੋ. ਸਵਰਨਜੀਤ ਕੌਰ ਅਤੇ ਪ੍ਰਿੰ. ਕਸ਼ਮੀਰ ਸਿੰਘ ਨੇ ਹਿੱਸਾ ਲਿਆ। ਬਾਅਦ ਵਿੱਚ ਡਾਕਟਰ ਬੇਦੀ ਨੇ ਵੀ ਆਪਣਾ ਪੱਖ ਪੇਸ਼ ਕੀਤਾ।ਸਮੁੱਚੀ ਬਹਿਸ ਨੂੰ ਸਮੇਟਦਿਆਂ ਡਾ. ਸਤਨਾਮ ਸਿੰਘ ਜੱਸਲ ਨੇ ਪੇਪਰ ਅਤੇ ਪੁਸਤਕ ਦੇ ਸਮੁੱਚੇ ਪ੍ਰਭਾਵ ਬਾਰੇ ਦੱਸਿਆ ਕਿ ਡਾ. ਬੇਦੀ ਨੇ ਨਾਵਲਾਂ ਦੇ ਅਧਿਐਨ ਕਰਨ ਤੋਂ ਬਾਅਦ ਜੋ-ਜੋ ਧਾਰਨਾਵਾਂ ਦਿੱਤੀਆਂ ਹਨ, ਉਹ ਸਾਰਥਿਕ ਹਨ।ਇਸ ਵਿਚ ਆਲੋਚਨਾ ਦੇ ਅੰਸ਼ ਵੀ ਮੌਜੂਦ ਹਨ।ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਨੇ ਬਾਖੂਬੀ ਨਾਲ ਕੀਤਾ।

ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਲੋਕ ਅਰਪਣ

ਸੰਗਰੂਰ-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਨਾਮਵਰ ਲੇਖਕ ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਉੱਘੇ ਲੇਖਕ ਅਤੇ ਆਲੋਚਕ ਡਾ. ਮੀਤ ਖਟੜਾ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਰਾਹੁਲ ਸੈਣੀ ਜ਼ਿਲ੍ਹਾ ਯੁਵਾ ਅਫ਼ਸਰ ਸੰਗਰੂਰ ਸ਼ਾਮਲ ਹੋਏ। ਇਸ ਸਮਾਗਮ ਵਿੱਚ ਪਵਨ ਹਰਚੰਦਪੁਰੀ ਪਹੁੰਚੇ ਹੋਏ ਸਨ। ਪੁਸਤਕ ਸੰਬੰਧੀ ਪੜ੍ਹੇ ਆਪਣੇ ਖੋਜਪੂਰਨ ਪਰਚੇ ਵਿੱਚ ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਅਮਨ ਜੱਖਲਾਂ ਦੀ ਪੁਸਤਕ ਵਿੱਚ ਵਰਤੀ ਗਈ ਸ਼ਬਦਾਵਲੀ ਬੇਹੱਦ ਸਰਲ ਹੈ, ਜਿਸ ਨੂੰ ਸਮਝਣਾ ਹਰ ਪਾਠਕ ਲਈ ਸੁਖਾਲਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਅਮਨ ਜੱਖਲਾਂ ਨੇ ਸਮਾਜਿਕ ਵਲਗਣਾਂ ਤੋਂ ਉੱਪਰ ਉੱਠ ਕੇ ਮਾਨਵਤਾਵਾਦੀ ਸਿਧਾਂਤ ਦੀ ਗੱਲ ਕੀਤੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਅਮਨ ਜੱਖਲਾਂ ਨੂੰ ਵਿਸ਼ਵ ਭਰ ਵਿੱਚ ਰਚੇ ਜਾ ਰਹੇ ਸਾਹਿਤ ਦਾ ਗਿਆਨ ਹੈ। ਡਾ. ਰਾਹੁਲ ਸੈਣੀ ਨੇ ਕਿਹਾ ਕਿ ਉਹ ਅਮਨ ਜੱਖਲਾਂ ਦੀਆਂ ਸਾਹਿਤਕ ਪ੍ਰਾਪਤੀਆਂ ਉੱਪਰ ਬੜਾ ਮਾਣ ਕਰਦੇ ਹਨ। ਡਾ. ਰਾਕੇਸ਼ ਸ਼ਰਮਾ ਨੇ ਕਿਹਾ ਕਿ ਅਮਨ ਜੱਖਲਾਂ ਸਾਹਿਤ ਦੀ ਆਤਮਾ ਨੂੰ ਸਮਝਣ ਵਾਲੇ ਕਲਮਕਾਰ ਹਨ। ਆਪਣੀ ਲਿਖਣ ਪ੍ਰਕਿਰਿਆ ਬਾਰੇ ਗੱਲਬਾਤ ਕਰਦਿਆਂ ਅਮਨ ਜੱਖਲਾਂ ਨੇ ਕਿਹਾ ਕਿ ਮਾਲਵਾ ਲਿਖਾਰੀ ਸਭਾ ਸੰਗਰੂਰ ਨਵੇਂ ਕਲਮਕਾਰਾਂ ਨੂੰ

ਉਭਾਰਨ ਲਈ ਜ਼ਿਕਰਯੋਗ ਕਾਰਜ ਕਰ ਰਹੀ ਹੈ। ਇਸ ਮੌਕੇ ਸਭਾ ਵੱਲੋਂ ਡਾ. ਰਾਹੁਲ ਸੈਣੀ ਅਤੇ ਅਮਨ ਜੱਖਲਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਉਪਰੰਤ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਤਿੰਨ ਦਰਜਨ ਸ਼ਾਇਰਾਂ ਨੇ ਆਪਣੀਆਂ-ਆਪਣੀਆਂ ਕਵਿਤਾਵਾਂ ਪੜ੍ਹੀਆਂ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖੂਬੀ ਨਿਭਾਈ।

'ਨਿੱਕੀਆਂ ਕਰੂੰਬਲਾਂ' ਦਾ ਵਿਸ਼ੇਸ਼ ਅੰਕ ਜਾਰੀ

ਹੁਸ਼ਿਆਰਪੁਰ : ਬਾਲ ਸਾਹਿਤ ਰਾਹੀਂ ਆਦਰਸ਼ ਨਾਗਰਿਕ ਸਿਰਜੇ ਜਾਂਦੇ ਹਨ। ਇਹ ਵਿਚਾਰ ਚੱਬੇਵਾਲ ਦੇ ਵਿਧਾਇਕ ਡਾਕਟਰ ਇਸ਼ਾਂਕ ਕੁਮਾਰ ਨੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦੇ ਨਵ ਵਰਸ਼ ਵਿਸ਼ੇਸ਼ ਅੰਕ ਨੂੰ ਜਾਰੀ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਜਿਹੜੇ ਵਿਦਿਆਰਥੀ ਬਾਲ ਰਸਾਲੇ ਅਤੇ ਪੁਸਤਕਾਂ ਪੜ੍ਹਦੇ ਹਨ, ਉਹ ਜੀਵਨ ਵਿੱਚ ਹਮੇਸ਼ਾ ਉੱਚੀਆਂ ਪ੍ਰਾਪਤੀਆਂ ਕਰਦੇ ਹਨ। ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਸਭ ਦਾ ਧੰਨਵਾਦ ਕਰਦਿਆਂ ਪ੍ਰਕਾਸ਼ਨ ਦੀਆਂ ਸਮੱਸਿਆਵਾਂ ਦੀ ਚਰਚਾ ਕੀਤੀ। ਉਨ੍ਹਾਂ ਅਧਿਆਪਕਾਂ ਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਯੂ ਗੁੱਟ ਅਨੁਸਾਰ ਆਪਣੇ ਬੱਚਿਆਂ ਹੱਥ ਰਸਾਲੇ ਅਤੇ ਪੁਸਤਕਾਂ ਜ਼ਰੂਰ ਦੇਣ। ਜੇਕਰ ਅੱਜ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਖੋਰਾ ਲੱਗਾ ਹੈ ਤਾਂ ਉਸ ਦਾ ਮੁੱਖ ਕਾਰਨ ਹੀ ਹੈ ਕਿ ਸਾਡੇ ਬੱਚਿਆਂ ਦੇ ਹੱਥ ਵਧੀਆ ਪੁਸਤਕਾਂ ਦੀ ਬਜਾਏ ਮਹਿੰਗੇ ਫੋਨ ਹਨ।ਇਸ ਸਮਾਗਮ ਵਿੱਚ ਬਿਸ਼ੰਬਰ ਦਾਸ, ਹਰਵੀਰ ਮਾਨ, ਪਵਨ ਸਕਰੁਲੀ, ਮਨਜਿੰਦਰ ਹੀਰ, ਹਰਮਨਪ੍ਰੀਤ ਕੌਰ, ਮਨਜੀਤ ਕੌਰ ਅਤੇ ਕੁਲਦੀਪ ਕੌਰ ਸਮੇਤ ਸਾਹਿਤ ਪ੍ਰੇਮੀ ਸ਼ਾਮਲ ਹੋਏ।

ਡਾ. ਅਮਰਜੀਤ ਕੌਂਕੇ ਨਾਲ ਰੂਬਰੂ

ਪਟਿਆਲਾ-ਪੰਜਾਬੀ ਲੇਖਕ ਸਭਾ ਸਮਾਣਾ ਵੱਲੋਂ ਪ੍ਰਸਿੱਧ ਸ਼ਾਇਰ, ਅਨੁਵਾਦਕ ਅਤੇ ਸੰਪਾਦਕ 'ਪ੍ਰਤਿਮਾਨ', ਡਾਕਟਰ ਅਮਰਜੀਤ ਕੌਂਕੇ ਨਾਲ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਾਕਟਰ ਕੌਂਕੇ ਨੇ ਆਪਣੀ ਸਾਹਿਤਕ ਯਾਤਰਾ ਬਾਰੇ ਵਿਸਥਾਰ-ਪੂਰਵਕ ਚਾਨਣਾ ਪਾਇਆ। ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਉਹਨਾਂ ਨੇ ਆਪਣੀ ਕਾਵਿ-ਯਾਤਰਾ ਦੇ ਸ਼ੁਰੂਆਤੀ ਪੜਾਅ ਤੋਂ ਲੈ ਕੇ ਸਰੋਤਿਆਂ ਨਾਲ ਖੁੱਲ੍ਹ ਕੇ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਦੀਆਂ ਹੁਣ ਤੱਕ ਅੱਠ ਕਾਵਿ-ਪੁਸਤਕਾਂ ਆ ਚੁੱਕੀਆਂ ਨੇ। ਪੰਜ ਪੁਸਤਕਾਂ ਬਾਲ ਸਾਹਿਤ ਦੀਆਂ ਹਨ। ਉਹਨਾਂ ਨੂੰ ਅਨੇਕਾਂ ਮਾਣ-ਸਨਮਾਨ ਪ੍ਰਾਪਤ ਹੋਏ ਹਨ। ਇਸ ਪ੍ਰੋਗਰਾਮ ਵਿੱਚ ਉਹਨਾਂ ਨਾਲ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ

ਮੁਖੀ ਡਾਕਟਰ ਅਮਰਜੀਤ ਸਿੰਘ, ਨੌਜਵਾਨ ਸ਼ਾਇਰ ਨਵਦੀਪ ਮੁੰਡੀ ਨੇ ਵੀ ਉਚੇਚੇ ਤੌਰ 'ਤੇ ਹਾਜ਼ਰੀ ਲਵਾਈ। ਇਸ ਮੌਕੇ ਹਾਜ਼ਰ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਦੇ ਨਾਲ ਭਰਵੀਂ ਹਾਜ਼ਰੀ ਲਗਵਾਈ।

ਮੰਚ ਸੰਚਾਲਨ ਤਰਲੋਚਨ ਮੀਰ ਨੇ ਕੀਤਾ।ਅਖੀਰ ਵਿੱਚ ਡਾਕਟਰ ਅਮਰਜੀਤ ਕੌਂਕੇ ਨੂੰ ਪੰਜਾਬੀ ਲੇਖਕ ਸਭਾ, ਸਮਾਣਾ ਵੱਲੋਂ ਵਿਸ਼ੇਸ਼ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਡਾ. ਗੁਰਬਚਨ ਸਿੰਘ ਰਾਹੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ

ਲੁਧਿਆਣਾ-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਡਾ. ਗੁਰਬਚਨ ਸਿੰਘ ਰਾਹੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਗੁਰਬਚਨ ਸਿੰਘ ਰਾਹੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਮਜ਼ਬੂਤ ਥੰਮ੍ਹ ਸਨ। ਉਹ ਲੰਮਾ ਸਮਾਂ ਭਾਸ਼ਾ ਵਿਭਾਗ, ਪੰਜਾਬ ਵਿਚ ਬਤੌਰ ਸਹਾਇਕ ਡਾਇਰੈਕਟਰ ਰਹੇ। ਉਨ੍ਹਾਂ ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿਚ ਬਤੌਰ ਪ੍ਰੋਫ਼ੈਸਰ ਸੇਵਾਵਾਂ ਨਿਭਾਈਆਂ। ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਗੁਰਬਚਨ ਸਿੰਘ ਰਾਹੀ ਦੇ ਵਿਦਿਆਰਥੀ ਉੱਚ ਅਹੁਦਿਆਂ 'ਤੇ ਬਿਰਾਜ

8-Feb-Sunday0000.qxd 2/7/2026 10:33 PM Page 3

ਰੀਤੂ ਕਲਸੀ ਮੂਲ ਰੂਪ ਵਿੱਚ ਹਿੰਦੀ ਵਿੱਚ ਕਵਿਤਾ ਲਿਖਦੀ ਹੈ, ਪਰ ਉਹ ਕਦੇ-ਕਦੇ ਪੰਜਾਬੀ ਵਿੱਚ ਵੀ ਕਵਿਤਾ ਲਿਖ ਲੈਂਦੀ ਹੈ। ਹਿੰਦੀ ਵਿੱਚ ਉਸ ਦੇ ਦੋ ਕਾਵਿ ਸੰਗ੍ਰਹਿ 'ਸਿਆਮ ਸ਼ਵੇਤ ਪ੍ਰੇਮ' ਤੇ 'ਲਵ ਜਿਹਾਦ ਮੁਹੱਬਤ' ਪ੍ਰਕਾਸ਼ਤ ਹੋ ਚੁੱਕੇ ਹਨ। ਵੀਹ ਸਾਲ ਤੋਂ ਉਹ ਵੱਖ-ਵੱਖ ਮੁੱਦਿਆਂ ਉੱਤੇ ਲੇਖ, ਮੁਲਾਕਾਤਾਂ ਤੇ ਵਾਰਤਕ ਲਿਖਦੀ ਆ ਰਹੀ ਹੈ। ਯੁੱਧ, ਮੁਹੱਬਤ, ਪ੍ਰੇਮ, ਨਫਰਤ ਤੇ ਔਰਤ ਦੀ ਵੇਦਨਾ ਉਹਦੀ ਕਵਿਤਾ 'ਚ ਨਾਲ-ਨਾਲ ਆਉਂਦੇ ਹਨ।

ਰੀਤੂ ਕਲਸੀ ਦੀਆਂ ਕਵਿਤਾਵਾਂ

ਯੁੱਧ

ਅਸੀਂ ਤੇ ਤੁਸੀਂ
ਲੱਖ ਚਾਹੀਏ ਯੁੱਧ ਨਾ ਹੋਣ
ਪਰ ਯੁੱਧ ਹੋਣਗੇ

ਤੇ ਮਰਨਾ ਕਿੰਨੇ
ਇਹਨਾਂ ਯੁੱਧ ਵਿਚਾਲੇ
ਯਕੀਨਨ
ਅਸੀਂ ਤੇ ਤੁਸੀਂ

ਨੇਤਾ ਆਏ ਨੇਤਾ ਗਏ
ਦਰਜ ਹੋਇਆ ਯੁੱਧ ਇਤਿਹਾਸ 'ਚ

ਤੇ ਯੁੱਧ ਹੋਣਗੇ
ਇਤਿਹਾਸ 'ਚ ਆਣ ਨੂੰ

ਤੇ ਆਓ ਅਸੀਂ ਤੁਸੀਂ
ਰੋ ਲਈਏ ਉਸ ਮਾਂ ਨਾਲ
ਜਿਦ੍ਹਾ ਬੱਚਾ ਮਾਰਿਆ
ਯੁੱਧ ਵਿਚ

ਕਿਉਂਕਿ ਇਹ ਯੁੱਧ ਤੇ ਹੋਣਗੇ

ਯੁੱਧ 'ਚ ਪ੍ਰੇਮ

ਓਹਨੇ ਕਿਹਾ
ਯੁੱਧ 'ਚ ਪ੍ਰੇਮ ਕਵਿਤਾ
ਮੈਂ ਕਿਹਾ
ਯੁੱਧ 'ਚ ਹੀ ਤਾਂ ਪ੍ਰੇਮ ਦੀ ਜ਼ਰੂਰਤ

ਲਵ ਜਿਹਾਦ

ਇਕ ਖ਼ੂਬਸੂਰਤ ਸ਼ਬਦ ਸੀ
ਲਵ ਜਿਹਾਦ
ਬਣਾ ਦਿੱਤਾ ਜਿਸ ਦਾ
ਅਸੀਂ ਸਭ ਨੇ ਮਿਲ ਕੇ ਮਜ਼ਾਕ
ਆਪਣੇ ਪਿਆਰ ਨੂੰ
ਬਚਾਉਣ ਲਈ ਨਹੀਂ ਕਰ ਪਾਏ ਅਸੀਂ ਜਿਹਾਦ
ਰੱਬ ਦੇ ਵਾਸਤੇ ਜਿਹਾਦੀ ਬਣੋ
ਬਚਾ ਲੋ ਆਪਣਾ ਪਿਆਰ ਇਸ਼ਕ ਮੁਹੱਬਤ
ਨਫ਼ਰਤ 'ਚ ਕੀ ਰੱਖਿਆ
ਤੁਹਾਨੂੰ ਖੁਸ਼ੀ ਹੁੰਦੀ ਹੋਵੇਗੀ ਵੇਖ ਕੇ
ਓਹਨਾ ਲੋਕਾਂ ਦੀ ਕੁਟਿਲ ਹਸੀ ਵੀ
ਹੋ ਲੋਗ ਫਸ ਚੁੱਕੇ ਨੇ
ਭਾਸ਼ਾ ਦੀਆਂ ਨਫ਼ਰਤਾਂ ਵਿਚਾਲੇ
ਧਰਮ ਸੀ ਕਦੇ ਇਸ ਤੋਂ ਦੂਰ
ਪਰ ਹੁਣ ਭਾਸ਼ਾਵਾਂ ਹੋ ਗਈਆਂ ਧਰਮ ਦੀਆਂ
ਜਿਹੜੀਆਂ ਕਦੇ ਸੀ ਆਪਣੇ ਇਲਾਕੇ ਦੀਆਂ
ਆਪਣੇ ਸ਼ਹਿਰਾਂ ਦੀਆਂ ਆਪਣੇ ਦੇਸ਼ਾਂ ਦੀਆਂ।

ਫੀਰੋਨ

ਅੱਜ ਕੱਲ੍ਹ ਮੈਨੂੰ ਯਾਦ ਆਂਦਾ ਏ ਫੀਰੋਨ
ਕੀ ਕਾਰਨ ਹੋ ਸਕਦਾ ਏ ਆਖਿਰ
ਕੀ ਹੁਣ ਸਾਡੇ ਕੋਲ ਵੀ ਹੈ ਇਕ ਫੀਰੋਨ
ਅਹੰਕਾਰ ਨਾਲ ਭਰਿਆ ਇਕ ਸ਼ਾਸਕ
ਜੋ ਸਮਝਦਾ ਏ ਖ਼ੁਦ ਨੂੰ ਰੱਬ ਤੋਂ ਵੀ ਉਪਰ
ਫੀਰੋਨ ਵੀ ਤੇ ਕਰਵਾਂਦਾ ਸੀ ਖ਼ੁਦ ਦੀ ਪੂਜਾ
ਸਾਡਾ ਫੀਰੋਨ ਵੀ ਤੇ ਆਖਦਾ ਏ
ਖ਼ੁਦ ਨੂੰ ਨੋਨ ਬਾਇਲੋਜਿਕਲ
ਤੇ ਫਿਰ ਕਿਉਂ ਨਾ ਯਾਦ ਆਏ ਮੈਨੂੰ ਫੀਰੋਨ
ਕੀ ਤੁਹਾਨੂੰ ਵੀ ਯਾਦ ਆਇਆ ਹੁਣ ਫੀਰੋਨ

ਧਰਮ

ਅਗਰ ਅਸੀਂ
ਧਰਮ ਧਰਮ ਹੀ ਖੇਲ੍ਹਣਾ ਸੀ
ਕਿਸ ਲਈ ਪੈਦਾ ਕੀਤੇ ਬੱਚੇ
ਆਪਣੇ ਬੁਢਾਪੇ ਨੂੰ ਵੇਖਦੇ ਹੋਏ
ਜਾਂ ਫਿਰ ਧਰਮ ਦੀ ਆਬਾਦੀ ਵੇਖਦੇ ਹੋਏ
ਜਾਂ ਦੇਸ਼ ਭਗਤੀ ਲਈ
ਕਿਧਰ ਦੀ ਦੇਸ਼ ਭਗਤੀ
ਬੰਬ ਫੋੜਨ ਦੀ
ਦੂਜੇ ਦੇ ਬੱਚੇ ਮਾਰਨ ਵਿੱਚ

ਪਿਆਰ ਮੁਹੱਬਤ
ਧਰਮ ਦੇ ਬਾਜ਼ਾਰ ਵਿੱਚ
ਇਕ ਬਜ਼ਾਰੂ ਚੀਜ਼ ਬਣ ਚੁੱਕਿਆ ਸ਼ਾਇਦ
ਤੇ ਆਓ
ਲਗਾਓ ਬੋਲੀ ਇਸ਼ਕ ਦੀ
ਫਿਰ ਪੈਦਾ ਕਰੋ ਬੱਚੇ
ਕਿਤੇ ਪਿੱਛੜ ਨਾ ਜਾਏ ਮੇਰਾ ਧਰਮ ਦੂਜੇ ਧਰਮ ਤੋਂ

ਕੱਟੜਤਾ ਰਹਿੰਦੀ ਹਮੇਸ਼ਾ ਹੀ
ਇਕ ਅਲੱਗ ਕਿਸਮ ਦੇ ਖਤਰੇ 'ਚ

ਕੱਟੜਤਾ ਬਚਾ ਨਹੀਂ ਪਾਂਦੀ
ਕਦੇ ਵੀ ਆਪਣੀ ਹੋਂਦ ਨੂੰ
ਯਕੀਨ ਨਹੀਂ
ਤੇ ਫਿਰ ਕਿੱਥੇ ਪਾਰਸੀ, ਕਿੰਨੇ ਕੁ ਬਚੇ
ਯਹੂਦੀਆਂ ਨੇ ਵੀ ਆਖਿਰ ਲੱਭਿਆ ਸੀ ਹੱਲ
ਮਾਂ ਨੂੰ ਇਸ ਬਹਾਨੇ ਦੇ ਦਿੱਤਾ ਮਾਣ

ਇਸਲਾਮ ਵੀ ਹਮੇਸ਼ਾ ਖਤਰੇ 'ਚ ਰਿਹਾ
ਪਤਾ ਨਹੀਂ ਕਿਸ ਤੋਂ
ਇਸਲਾਮ ਤੋਂ ਸਿੱਖਿਆ ਲੈ ਫਿਰ
ਆ ਗਿਆ ਭਾਰਤ ਦਾ ਹਿੰਦੂ ਖਤਰੇ ਵਿਚਾਲੇ
ਸੁਣਿਆ ਸਿੱਖ ਵੀ ਕੱਟੜਤਾ ਵੱਲ ਕਦਮ ਵਟ
ਆ ਰਿਹਾ ਏ ਖਤਰੇ 'ਚ

ਪਰ ਇਸ ਸਭ 'ਚ ਕਮਾਲ ਦੀ ਗੱਲ ਇਹ ਏ
ਈਸਾਈ ਧਰਮ ਕਦੇ ਖਤਰੇ 'ਚ ਨਹੀਂ ਰਿਹਾ
ਕਦੇ ਕੱਟੜਤਾ ਦੀ ਖ਼ਬਰ ਵੀ ਨਹੀਂ ਸੁਣੀ
ਫਿਰ ਵੀ ਜਿਹਨੂੰ ਵੇਖੋ ਆਪਣੇ ਆਸੇ ਪਾਸੇ
ਕ੍ਰਾਸ ਪਾਈ ਦਿਖਣਗੇ ਲੋਗ
ਕਿਸ ਵੇਲੇ ਆਪਣੀ ਕੱਟੜਤਾ ਤੋਂ ਨਿਕਲ
ਵਗ ਪਏ ਹੋਣੇ ਇਸ ਵੱਲ
ਇਸੇ ਲਈ ਦੁਨੀਆ 'ਚ ਖੌਰੇ
ਸਭ ਤੋਂ ਵੱਡੀ ਆਬਾਦੀ ਈਸਾਈਆਂ ਦੀ

ਰੋਟੀ ਦਾ ਮਸਲਾ, ਪੈਸੇ ਦਾ ਮਸਲਾ
ਜਾਂ ਫਿਰ ਊਚ ਨੀਚ, ਦਲਿਤ ਦਾ ਮਸਲਾ

ਜਾਂ ਫਿਰ ਸੱਚੀ ਕੱਟੜਤਾ ਦਾ

ਸੱਚੀ ਕੱਟੜਤਾ ਸ਼ਾਇ ਦ ਤਬਾਹੀ ਹੀ ਲਿਆਂਦੀ ਹੋਵੇਗੀ
ਇਸੇ ਲਈ ਰਹਿੰਦੀ ਹੈ ਹਰ ਵੇਲੇ ਖਤਰੇ 'ਚ

ਨੀਂਹ

ਬੀਤੇ ਮੇਰੇ ਸਾਲ
ਕਹਿਣ ਨੂੰ ਬੀਤੇ ਸਾਲ
ਪਰ ਜਿੱਤੀ ਜਿਹੜੀ ਜ਼ਿੰਦਗੀ ਇਸ ਵਿੱਚ
ਉਸ ਨੂੰ ਕਿਧਰ ਜਾ ਕੇ ਸੁੱਟਿਆ ਜਾਵੇ
ਕਿੱਥੇ ਨੂੰ ਦਬਾ ਤੀ ਜਾਵੇ
ਪਰ ਚੰਗੀ ਵਧੀਆ ਨੀਂਹ 'ਤੇ ਹੀ
ਉਸਾਰੀ ਜਾਂਦੀ ਏ ਨਵੀਂ ਇਮਾਰਤ

ਭਿੱਜਿਆ ਕਾਗਜ਼

ਤੈਨੂੰ ਸਾਮ੍ਹਣੇ ਬਿਠਾ
ਬਿਨਾਂ ਕਹੇ ਸੁਣੇ
ਤੱਕਣਾ ਚਾਹੁੰਦੀ ਆਂ

ਤੈਨੂੰ
ਭਿੱਜੇ ਕਾਗਜ਼ 'ਤੇ
ਕਵਿਤਾ ਦੀ ਤਰ੍ਹਾਂ
ਉਤਾਰਨਾ ਚਾਹੁੰਦੀ ਆਂ

ਸੰਪਰਕ : 99158-84681

ਟਰੈਕਿੰਗ ਦੇ ਆਨੰਦ ਦਾ ਸਿਖ਼ਰ ਹੈ 'ਬੜਾ ਭੰਗਾਲ'

ਹਰ ਬੱਚੇ ਦੇ ਜ਼ਿਹਨ ਵਿਚ ਕੁਝ ਅਣਡਿੱਠਾ ਵੇਖਣ ਅਤੇ ਅਣਜਾਣਿਆ ਜਾਨਣ ਦੀ ਇੱਛਾ ਸੁਭਾਵਿਕ ਹੀ ਹੁੰਦੀ ਹੈ, ਪਰ ਸਾਡਾ ਇਹ ਦੁਖਾਂਤ ਹੈ ਕਿ ਅਸੀਂ ਕੇਵਲ ਕਿਤਾਬੀ ਗਿਆਨ ਤੱਕ ਹੀ ਸੀਮਤ ਰਹਿ ਜਾਂਦੇ ਹਾਂ। ਹਰ ਜਮਾਤ ਵਿੱਚੋਂ ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰਨ ਦੀ ਹੋੜ ਨੇ ਸਾਡੇ ਜੀਵਨ ਨੂੰ ਨੀਰਸ ਬਣਾ ਦਿੱਤਾ ਹੈ। ਸਾਡਾ ਇਹ ਦੁਰਭਾਗ ਹੈ ਕਿ ਬਹੁਤ ਸਾਰੇ ਬੱਚਿਆਂ ਦੇ ਮਾਪੇ ਅੱਜ ਵੀ ਬੱਚਿਆਂ ਦੀ ਸੁਭਾਵਕ ਇੱਛਾ ਦੇ ਰੁਝਾਨ ਨੂੰ ਉਭਰਨ ਤੋਂ ਪਹਿਲਾਂ ਹੀ ਦਬਾ ਦਿੰਦੇ ਹਨ। ਉਹ ਸਮਝਦੇ ਹਨ ਕਿ ਘੁੰਮਣਾ, ਫਿਰਨਾ, ਪਹਾੜੀ ਪਗਡੰਡੀਆਂ ਉਤੇ ਟਰੈਕਿੰਗ ਦਾ ਆਨੰਦ ਮਾਨਣਾ ਸਮੇਂ ਅਤੇ ਪੈਸੇ ਦੀ ਬਰਬਾਦੀ ਹੈ। ਇਹ ਹੀ ਕਾਰਨ ਹੈ ਕਿ ਸਾਡੀ ਸਿੱਖਿਆ ਸਾਨੂੰ ਕੁਦਰਤ ਨਾਲੋਂ ਤੋੜ ਰਹੀ ਹੈ ਅਤੇ ਅਸੀਂ ਅੱਲ੍ਹੜ ਉਮਰ ਵਿੱਚ ਹੀ ਕਈ ਬਿਮਾਰੀਆਂ ਦਾ ਬੋਝ ਢੋਅ ਰਹੇ ਹਾਂ।ਯੂਰਪ ਅੱਜ ਵੀ ਸਾਡੇ ਤੋਂ ਕਈ ਸਾਲ ਅੱਗੇ ਹੈ, ਉਹ ਲੋਕ ਜ਼ਿੰਦਗੀ ਦੇ ਰੰਗ ਨੂੰ ਜਾਣਦੇ ਹੋਏ ਕੁਦਰਤ ਨੂੰ ਮਾਣਦੇ ਹਨ। ਕਿਤਾਬੀ ਗਿਆਨ 'ਤੇ ਟੇਕ ਰੱਖਣ ਦੀ ਬਜਾਏ ਪ੍ਰੈਕਟੀਕਲ ਜੀਵਨ ਵਧੇਰੇ ਜਿਉਂਦੇ ਹਨ।ਸਾਡਾ ਗਿਆਨ ਅੱਜ ਵੀ ਹਨੇਰ ਕੋਠੜੀ ਤੱਕ ਸੀਮਤ ਹੈ। ਵਿਦਿਆਰਥੀਆਂ ਦੀ ਰੁਚੀ, ਚਾਅ ਅਤੇ ਦਿਲਚਸਪੀ ਨੂੰ ਅਧਾਰ ਬਣਾ ਕੇ ਸਿੱਖਣ ਦੇ ਮਨੋਰਥ ਨੂੰ ਅਸੀਂ ਭੁੱਲ ਚੁੱਕੇ ਹਾਂ। ਵਿਦਿਆਰਥੀਆਂ ਦੀ ਵਧੀਆ ਸਿੱਖਿਆ ਅਤੇ ਸਰੀਰਕ ਸਿਹਤ ਲਈ ਟਰੈਕਿੰਗ, ਕੈਂਪਿੰਗ ਅਤੇ ਪਰਬਤ ਯਾਤਰਾਵਾਂ ਵਰਗੇ ਦਿਲਚਸਪ ਵਿਸ਼ੇ ਪਾਠਕ੍ਰਮ ਦਾ ਹਿੱਸਾ ਹੋਣੇ ਚਾਹੀਦੇ ਹਨ।

ਹਿਮਾਲੀਆ ਪਰਬਤ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਵੱਸਦੇ ਅਨੇਕ ਪਿੰਡ ਸਾਡੀ ਟਰੈਕਿੰਗ ਦਾ ਹਿੱਸਾ ਬਣ ਸਕਦੇ ਹਨ ਅਤੇ ਉਹਨਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਸਾਡੀ ਦਿਲਚਸਪੀ, ਮਨੋਰੰਜਨ ਅਤੇ ਗਿਆਨ ਦਾ ਵਿਸ਼ਾ ਬਣ ਸਕਦੀ ਹੈ। ਹਿਮਾਚਲ ਪ੍ਰਦੇਸ਼ ਦੀਆਂ ਬਰਫਾਨੀ ਚੋਟੀਆਂ ਦੇ ਸਿਖ਼ਰ ਉੱਪਰ ਸਥਿਤ ਹੈ ਅਜਿਹਾ ਹੀ ਇੱਕ ਪਿੰਡ, ਜਿਸ ਨੂੰ 'ਬੜਾ ਭੰਗਾਲ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਇਸ ਪਿੰਡ ਦੀ ਜਾਣਕਾਰੀ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇੱਥੋਂ ਹੀ ਪੰਜਾਬ ਦੇ ਪ੍ਰਸਿੱਧ ਦਰਿਆ ਰਾਵੀ ਦਾ ਆਰੰਭ ਹੁੰਦਾ ਹੈ। ਬੜਾ ਭੰਗਾਲ ਪਿੰਡ ਦੇ ਕੋਲੋਂ ਘੁਮੇਰ ਗਲੇਸ਼ੀਅਰ ਦੀਆਂ ਢਲਾਣਾਂ ਵਿੱਚੋਂ ਨਿਕਲਦੀ ਰਾਵੀ ਚੰਬਾ ਵਾਦੀ ਵਿੱਚੋਂ ਹੁੰਦੀ ਹੋਈ ਪੰਜਾਬ ਦੇ ਜ਼ਿਲ੍ਹੇ 'ਪਠਾਨਕੋਟ' ਦੇ ਕਸਬਾ ਮਾਧੋਪੁਰ ਤੋਂ ਗੁਜ਼ਰਦੀ ਹੋਈ ਪਾਕਿਸਤਾਨ ਵਿੱਚ ਪਹੁੰਚ ਜਾਂਦੀ ਹੈ।

ਇਸ ਖ਼ੂਬਸੂਰਤ ਪਹਾੜੀ ਸਫ਼ਰ ਦੇ ਤਿੰਨ ਰਸਤੇ ਹਨ 'ਬਨਸਰ ਪਾਸ' ਵਾਲਾ ਰਸਤਾ ਜੋ 'ਬੜਾ ਭੰਗਾਲ' ਨੂੰ ਕਾਂਗੜਾ ਵੈਲੀ ਨਾਲ ਮਿਲਾਉਂਦਾ ਹੈ, ਇਸੇ ਤਰ੍ਹਾਂ ਹੀ ਚੰਬਾ ਵਾਦੀ ਤੋਂ ਜਾਣ ਵਾਲਾ ਰਸਤਾ ਜੋ ਰਾਵੀ ਨਦੀ ਦੇ ਕਿਨਾਰੇ ਬਣਿਆ ਹੈ, ਇਹ ਖੜਾ-ਮੁੱਖ ਤੱਕ ਜਾਂਦਾ ਹੈ, ਤੀਸਰਾ ਰਸਤਾ ਕੁੱਲੂ ਮਨਾਲੀ ਤੋਂ ਕਲਿਹਾਣੀ ਪਾਸ ਵਾਲਾ ਰਸਤਾ ਹੈ, ਜੋ ਕਾਫੀ ਕਠਿਨ ਅਤੇ ਜੋਖ਼ਮ ਭਰਿਆ ਹੈ, ਅਸੀਂ ਇਸ ਸਫ਼ਰ ਦਾ ਆਨੰਦ ਮਾਨਣ ਲਈ ਇਸ ਰਸਤੇ ਨੂੰ ਹੀ ਚੁਣਦੇ ਹਾਂ। ਇਸ ਸਫ਼ਰ ਲਈ ਘੋੜਿਆਂ ਅਤੇ ਗਾਈਡ ਦੀ ਮਦਦ ਲਈ ਜਾ ਸਕਦੀ ਹੈ। ਮਨਾਲੀ ਤੋਂ ਸ਼ੁਰੂ ਹੁੰਦਾ ਹੈ ਇਹ ਸਫ਼ਰ ਜੰਗਲੀ ਇਲਾਕੇ ਤੇ ਅੱਖੀਆਂ

ਘਾਟੀਆਂ ਦਾ ਟੇਢਾ-ਮੇਢਾ ਦਿਲਚਸਪ ਸਫ਼ਰ ਹੈ।ਮਨਾਲੀ ਤੋਂ ਲਾਮਾਡੂਮ ਚਾਰ-ਪੰਜ ਘੰਟੇ ਦਾ ਟਰੈਕ ਹੈ। ਲਾਮਾਡੂਮ ਦੀ 3017 ਮੀਟਰ ਉਚਾਈ ਦਾ ਆਨੰਦ ਮਾਣਿਆ ਜਾ ਸਕਦਾ ਹੈ। ਲਾਮਾਡੂਮ ਤੋਂ ਰਿਆਲੀ ਥਸ ਤਿੰਨ-ਚਾਰ ਘੰਟਿਆਂ ਵਿੱਚ ਪਹੁੰਚਿਆ ਜਾ ਸਕਦਾ ਹੈ। 3400 ਮੀਟਰ ਦੀ ਉਚਾਈ 'ਤੇ ਸਥਿਤ ' ਰਿਆਲੀ ਥਚ' ਮਨਮੋਹਕ ਦ੍ਰਿਸ਼ਾਂ ਦਾ ਘਰ ਹੈ।ਇਸ ਤੋਂ ਅੱਗੇ ਪੰਜ ਤੋਂ ਸੱਤ ਘੰਟੇ ਦਾ ਸਫ਼ਰ ਤੈਅ ਕਰਨ ਉਪਰੰਤ ਕਲਿਹਾਣੀ ਪਾਸ ਆ ਜਾਂਦਾ ਹੈ। 4010 ਮੀਟਰ ਦੀ ਉਚਾਈ ਦਾ ਇਹ ਦੱਰਾ ਅੱਖੀਆਂ ਘਾਟੀਆਂ ਦਾ ਸਫ਼ਰ ਹੈ, ਜਿਸ ਨੂੰ ਪਾਰ ਕਰਨਾ ਆਸਾਨ ਨਹੀਂ ਹੈ, ਇੱਥੇ ਰੌਚਕਤਾ ਅਤੇ ਡਰ ਦਾ ਅਨੁਭਵ ਹੁੰਦਾ ਹੈ। 'ਬੜਾ ਭੰਗਾਲ' ਸਫ਼ਰ ਦਾ ਇਹ ਇਕ ਅਨੋਖਾ ਗਲੇਸ਼ੀਅਰ ਹੈ, ਜਿੱਥੇ ਬੂਰੇ ਵਰਗੀ ਚਿੱਟੀ ਬਰਫ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਇਹ ਦੱਰਾ ਪਾਸ ਕਰਨ ਉਪਰੰਤ ਉਤਰਾਈ ਸ਼ੁਰੂ ਹੁੰਦੀ ਹੈ ਅਤੇ ਅਸੀਂ 'ਡੋਨਕੂ ਥਚ' ਪਹੁੰਚ ਜਾਂਦੇ ਹਾਂ। 3850 ਮੀਟਰ ਦੀ ਉਚਾਈ 'ਤੇ ਸਥਿਤ 'ਡੋਨਕੂ ਥਚ' ਖ਼ੂਬਸੂਰਤ ਸੰਗੀਤਕ ਝਰਨਿਆਂ ਦਾ ਸਥਾਨ ਹੈ, ਇਸ ਤੋਂ ਅੱਗੇ ਥੋੜ੍ਹਾ ਕਠਿਨ ਚੜ੍ਹਾਈ ਦਾ ਸਫ਼ਰ ਤੈਅ ਕਰਦੇ ਹੋਏ ਪੰਜ ਤੋਂ ਛੇ ਘੰਟਿਆਂ ਬਾਅਦ 'ਦਾਲ ਮਰਹੀ' ਪਹੁੰਚਿਆ ਜਾ ਸਕਦਾ ਹੈ। 3900 ਮੀਟਰ ਦੀ ਉਚਾਈ 'ਤੇ ਵਸਿਆ ਇਕ ਕੁਦਰਤੀ ਸੁੰਦਰਤਾ ਦਾ ਸੁੰਦਰ ਨਮੂਨਾ ਹੈ ।ਬਰਫਾਨੀ ਚੋਟੀਆਂ, ਛੋਟੇ-ਛੋਟੇ ਪਹਾੜੀ ਨਦੀ, ਨਾਲੇ ਅਤੇ ਹਰੀਆਂ-ਭਰੀਆਂ ਪਗਡੰਡੀਆਂ 'ਤੇ ਚਲਦੇ ਹੋਏ ਅੱਠ-ਨੌਂ ਘੰਟਿਆਂ ਵਿਚ ਪੈਦਲ ਯਾਤਰਾ ਕਰਦੇ ਹੋਏ ਆਖਰ ਸਾਨੂੰ 'ਬੜਾ ਭੰਗਾਲ' ਪਹਾੜੀ ਪਿੰਡ ਦੇ ਦਰਸ਼ਨ ਹੁੰਦੇ ਹਨ। 'ਬੜਾ ਭੰਗਾਲ' ਦੇ ਨਾਲ ਬੜਾ ਸ਼ਬਦ ਸਾਨੂੰ ਇਹ ਵੀ ਦੱਸਦਾ ਹੈ ਕਿ 'ਬੜਾ ਭੰਗਾਲ' ਇਸ ਖ਼ੇਤਰ ਦਾ ਸਭ ਤੋਂ ਵੱਡਾ ਪਿੰਡ ਹੈ, ਜਿਸ ਦੀਆਂ ਹੱਦਾਂ ਚੰਬਾ, ਲਾਹੌਲ ਸਪਿਤੀ ਤੇ ਕੁੱਲੂ ਮਨਾਲੀ ਨਾਲ ਜਾ ਲੱਗਦੀਆਂ ਹਨ। ਇਹ ਪਹਾੜੀ ਪਿੰਡ ਵਿੱਚ ਅਗਸਤ ਮਹੀਨੇ ਤੋਂ ਬਰਫ ਪੈਣੀ ਸ਼ੁਰੂ ਹੋ ਜਾਂਦੀ ਹੈ, ਜੋ ਲਗਾਤਾਰ ਅੱਠ ਮਹੀਨੇ ਰਹਿੰਦੀ ਹੈ। 500 ਦੀ ਅਬਾਦੀ ਵਾਲੇ ਇਸ ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਦਾ ਹੈ, ਜ਼ਿਆਦਾਤਰ ਪਿੰਡ ਦੇ ਲੋਕ ਗੱਦੀ ਹਨ ਅਤੇ ਭੇਡ-ਬੱਕਰੀਆਂ ਚਰਾ ਕੇ ਆਪਣਾ ਗੁਜ਼ਾਰਾ ਕਰਦੇ ਹਨ, ਕੁਝ ਲੋਕ ਜੰਗਲਾਂ ਵਿੱਚੋਂ ਲੱਕੜੀ ਕੱਟਣ ਦਾ ਕੰਮ ਕਰਦੇ ਹਨ। 'ਬੜਾ ਭੰਗਾਲ' ਬੈਜਨਾਥ ਵਿਧਾਨ ਸਭਾ ਹਲਕੇ ਵਿੱਚ ਪੈਂਦਾ ਹੈ, ਪਰ ਇਹ ਪਿੰਡ ਕਾਂਗੜਾ ਜ਼ਿਲ੍ਹੇ ਦਾ ਵੀ ਹਿੱਸਾ ਹੈ। ਪਿੰਡ ਵਿੱਚ ਸਰਕਾਰੀ ਸਕੂਲ ਵੀ ਹੈ, ਪਰ ਬਹੁਤ ਜ਼ਿਆਦਾ ਬਰਫ਼ ਪੈਣ ਕਾਰਨ ਸਕੂਲ ਅਕਸਰ ਹੀ ਬੰਦ ਰਹਿੰਦਾ ਹੈ। ਪਿੰਡ ਬੜਾ ਭੰਗਾਲ ਹਮੇਸ਼ਾ ਹੀ ਦੇਸ਼ ਨਾਲੋਂ ਕੱਟਿਆ ਰਹਿੰਦਾ ਹੈ ਕਿਉਂਕਿ ਇੱਥੇ ਜਾਣਾ ਆਸਾਨ ਨਹੀਂ। ਇਸ ਪਿੰਡ ਦੇ ਲੋਕ ਅਜੇ ਵੀ ਕਈ ਸੌ ਸਾਲ ਪੁਰਾਣਾ ਜੀਵਨ ਬਤੀਤ ਕਰਦੇ ਹਨ। ਪਿੰਡ ਵਿੱਚ ਕੇਵਲ ਇੱਕ ਹੀ ਸੈਟੇਲਾਈਟ ਫੋਨ ਹੈ, ਜੋ ਕਦੀ-ਕਦੀ ਚੱਲਦਾ ਹੈ। ਇਹ ਪਿੰਡ ਅੱਜ ਵੀ ਆਧੁਨਿਕ ਸੁੱਖ-ਸਹੂਲਤਾਂ ਤੋਂ ਸੱਖਣਾ ਹੈ। ਗੱਡੀਆਂ, ਮੋਟਰਾਂ ਤੇ ਸ਼ਹਿਰਾਂ ਦੀ ਅਜੇ ਵੀ ਉਹਨਾਂ ਨੂੰ ਜਾਣਕਾਰੀ ਨਹੀਂ, ਲੋਕ ਕੁਦਰਤ ਦੇ ਸਹਾਰੇ ਦਿਨ ਕੱਟਦੇ ਹਨ ਅਤੇ ਇੱਕ ਕਠਿਨ ਜੀਵਨ ਜਿਉਂਦੇ ਹਨ। ਭਾਰਤ ਦੇ ਵੋਟਰ ਹੋਣ ਦੇ ਨਾਤੇ ਇਹਨਾਂ ਲੋਕਾਂ ਨੇ ਅੱਜ ਤੱਕ ਆਪਣੇ ਮੱਤ ਦਾ ਇਸਤੇਮਾਲ ਨਹੀਂ ਕੀਤਾ ਅਤੇ ਨਾ ਹੀ ਇਹਨਾਂ ਕੋਲ ਕੋਈ ਨੇਤਾ ਵੋਟ ਮੰਗਣ ਜਾਂਦਾ ਹੈ। ਇੱਥੇ ਲੋਕ ਅੱਜ ਵੀ ਗਰੀਬੀ ਅਤੇ ਲਾਚਾਰੀ ਦੀ ਜੰਗ ਲੜ ਰਹੇ ਹਨ।ਕਾਂਗੜਾ ਨਿਵਾਸੀ ਕੁਝ ਸਮਾਜਿਕ ਸੰਗਠਨ ਇਸ ਪਿੰਡ ਦੀ ਆਰਥਿਕ ਮਦਦ ਲਈ ਅੱਗੇ ਆ ਰਹੇ ਹਨ। ਪਿੰਡ ਦੀ ਯਾਤਰਾ ਲਈ ਸਾਨੂੰ ਤਿੰਨ ਤੋਂ ਚਾਰ ਦਿਨ ਪੈਦਲ ਚੱਲਣਾ ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸਾਨੂੰ ਟਰੈਕਿੰਗ ਦਾ ਤਜਰਬਾ ਹੋਵੇ ਅਤੇ ਪੂਰੀ ਟਰੈਕਿੰਗ ਕਿੱਟ ਨਾਲ ਹੀ ਇਸ ਸਫ਼ਰ ਲਈ ਨਿਕਲਿਆ ਜਾਵੇ। 'ਬੜਾ ਭੰਗਾਲ' ਖ਼ੂਬਸੂਰਤ ਪਹਾੜੀ ਪਿੰਡ ਲਈ ਟਰੈਕਿੰਗ ਕਰਨ ਲਈ ਅਪ੍ਰੈਲ ਤੋਂ ਮਈ ਮਹੀਨੇ ਦਾ ਮੌਸਮ ਸਾਜ਼ਗਾਰ ਹੁੰਦਾ ਹੈ। ਆਓ ਰੂਹਾਨੀਅਤ ਦਾ ਆਨੰਦ ਲੈਣ ਲਈ ਅਸੀਂ ਵੀ ਇਸ ਪਿੰਡ ਦੀ ਯਾਤਰਾ ਕਰੀਏ।

— ਕੇ ਐੱਸ ਅਮਰ
ਮੋਬਾ. 94653-69343

ਸ.ਫ਼ਾ 1 ਦੀ ਬਾਕੀ

ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ...

ਹਰਾਉਣ ਨਾਲੋਂ, ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਹਰਾਉਣ ਦੀ ਰੁਚੀ ਭਾਰੂ ਹੈ। ਹਰ ਅਕਾਲੀ ਧੜਾ ਭਾਜਪਾ ਦੀ ਸ਼ਰਨ 'ਚ ਪੁੱਜ ਕੇ ਦੰਡਵਤ ਕਰਨ ਲਈ ਤਿਆਰ ਬੈਠਾ ਹੈ, ਕਿਉਂਕਿ

8-Feb-Sunday0000.qxd 2/7/2026 10:32 PM Page 2

ਜਿੱਦਣ ਅਸੀਂ ਕਮੇਟੀ ਬਣਾ ਦਿੱਤੀ ਕਿ ਆਹ ਬੰਦਿਆਂ ਨੇ ਕਿਤਾਬਾਂ ਦੇਖਣੀਆਂ, ਓਦਣ ਅਸੀਂ ਫੇਲ੍ਹ ਹੋ ਜਾਣਾ

ਬਾਰਜ ਢਾਹਾਂ

ਦੂਜੀ ਤੇ ਆਖਰੀ ਕਿਸ਼ਤ

ਮੁਲਾਕਾਤੀ : ਭਗਵੰਤ ਰਸੂਲਪੁਰੀ

? ਜਦੋਂ ਤੁਸੀਂ ਢਾਹਾਂ ਐਵਾਰਡ ਦਾ ਐਲਾਨ ਕੀਤਾ ਤਾਂ ਓਸ ਵੇਲੇ ਤੁਹਾਨੂੰ ਕਿਹੋ ਜਿਹੀ ਫੀਡਬੈਕ ਮਿਲੀ, ਏਥੋਂ ਕੈਨੇਡਾ ਤੋਂ, ਪੰਜਾਬ ਵਿੱਚੋਂ ਜਾਂ ਲਾਹੌਰ ਵਿੱਚੋਂ।

-(ਹੱਸ ਕੇ) ਲੋਕਾਂ ਵਿੱਚ ਪੋਜ਼ੇਟਿਵ ਗੱਲਾਂ ਵੀ ਸਨ। ਉਸ ਵੇਲੇ ਪਾਕਿਸਤਾਨ ਦੇ ਕੌਂਸਲ ਜਨਰਲ ਤੇ ਇੰਡੀਆ ਦੇ ਕੌਂਸਲ ਜਨਰਲ ਆਦਿ ਨੂੰ ਵੀ ਅਸੀਂ ਸੱਦਿਆ। ਕਈ ਅਲੈਕਟਿਡ ਬੰਦੇ ਵੀ ਆਏ। ਯੂਨੀਵਰਸਿਟੀਆਂ ਤੋਂ ਬੰਦੇ ਵੀ ਆਏ। ਨਿੱਕੀ ਗੁਰੇਂਦਰ ਕੌਰ ਨੂੰ ਅਮਰੀਕਾ ਤੋਂ ਸੱਦਿਆ। ਏਥੇ ਬਹੁਤ ਉਤਸ਼ਾਹ ਸੀ। ਜਦੋਂ ਇਹ ਗੱਲ ਲੇਖਕਾਂ ਵਿੱਚ ਚਲੇ ਗਈ। ਪਲੈਨਿੰਗ ਹੋਣੀ ਸ਼ੁਰੂ ਹੋ ਗਈ। ਮੇਰੇ ਕੋਲ ਮੈਨੂੰ ਮਿਲਣ ਕਈ ਬੰਦੇ ਆਏ। ਅਮਰੀਕਾ ਤੇ ਏਥੋਂ ਕੈਨੇਡਾ ਤੋਂ ਕਿ ਤੁਸੀਂ ਏਦਾਂ ਨਾ ਕਰੋ। ਪੰਜਾਬੀ ਸਿੱਖਾਂ ਦੀ ਜ਼ੁਬਾਨ ਐ। ਇਹਦੇ ਵਿੱਚ ਸ਼ਾਹਮੁਖੀ ਦਾ ਕੋਈ ਹਿੱਸਾ ਨਹੀਂ ਹੋਣਾ ਚਾਹੀਦਾ। ਜਦੋਂ ਅਸੀਂ ਚੰਡੀਗੜ੍ਹ ਗਏ ਸੀ ਤਾਂ 'ਦ ਟ੍ਰਿਬਿਊਨ' ਦੇ ਐਸੋਸੀਏਟ ਐਡੀਟਰ ਰੁਪਿੰਦਰ ਸਿੰਘ ਨਾਲ ਗੱਲਬਾਤ ਹੋਈ। ਇਨ੍ਹਾਂ ਦੇ ਬਾਪ ਗਿਆਨੀ ਗੁਰਦਿੱਤ ਸਿੰਘ ਤੇ ਮਾਤਾ ਇੰਦਰਜੀਤ ਕੌਰ...ਜਦੋਂ ਮੈਂ ਇਨ੍ਹਾਂ ਨਾਲ ਗੱਲਬਾਤ ਕਰਕੇ ਬਾਹਰ ਆਇਆ। ਮੇਰੇ ਨਾਲ ਮਨਪ੍ਰੀਤ ਢਿੱਲੋਂ ਸੀ। ਪਹਿਲਾਂ ਉਹ ਵੀ ਸਾਡੇ ਐਵਾਰਡ ਕਮੇਟੀ ਦੀ ਮੈਂਬਰ ਸੀ। ਉਹਦਾ ਜਨਮ ਏਥੋਂ ਦਾ ਆ। ਉਹਨੂੰ ਪੰਜਾਬੀ ਆਉਂਦੀ ਆ, ਪਰ ਐਨੀ ਡੂੰਘੀ ਨਹੀਂ ਆਉਂਦੀ। ਉਸ ਨੇ ਹੱਥ ਵਿੱਚ ਫੋਨ ਫੜਿਆ ਸੀ। ਉਹ ਅੰਗਰੇਜ਼ੀ ਵਿੱਚ ਮੈਨੂੰ ਕਹਿੰਦੀ, 'ਬਾਰਜ...ਸਕਰੀਨਿੰਗ ਐਜ਼ ਮੀ...ਕੈਨ ਯੂ ਟਾਕ...' ਮੈਂ ਕਿਹਾ, ਓ ਕੇ...ਮੈਂ ਫੋਨ ਸੁਣਨ ਲੱਗਾ...ਕੋਈ ਬੰਦਾ ਆਪਣੇ-ਆਪ ਨੂੰ ਡਾਕਟਰ ਕਹਿ ਰਿਹਾ ਸੀ ਕਿ ਮੈਂ ਪੰਜਾਬੀ ਸਾਹਿਤ ਬਹੁਤ ਪੜ੍ਹਿਆ ਆ। ਮੈਨੂੰ ਕਹਿੰਦਾ ਕਿ ਤੂੰ ਮੂਰਖ ਬੰਦਾ ਆ, ਮੈਂ ਕਿਹਾ 'ਅੱਛਾ! ਧੰਨਵਾਦ ਤੁਹਾਡਾ।' ਉਹ ਕਹਿੰਦਾ ਜਿਹੜਾ ਤੁਸੀਂ ਕੰਮ ਕਰਨ ਲੱਗੇ ਆ... ਉਹ ਠੀਕ ਨਹੀਂ। ਇਕ ਤਾਂ ਐੱਨ. ਮਰਫੀ ਨੂੰ ਤੁਸੀਂ ਨਾਲ ਰਲ਼ਾਇਆ ਆ। ਉਹ ਸਭ ਤੋਂ ਵੱਡੀ ਸਿੱਖਾਂ ਦੀ ਦੁਸ਼ਮਣ ਆ। ਦੂਜੀ ਗੱਲ ਆ ਪੰਜਾਬੀ ਸਿੱਖਾਂ ਦੀ ਜ਼ੁਬਾਨ ਆ। ਅਸੀਂ ਤੁਹਾਡੇ ਬਰਖ਼ਿਲਾਫ਼ ਤੁਹਾਡੇ ਇਕੱਠ ਉੱਤੇ ਇਸ਼ਤਿਹਾਰ ਕੱਢਣਾ। ਨਾਲ ਅਸੀਂ ਮੁਜ਼ਾਹਰਾ ਕਰਾਂਗੇ। ਮੈਂ ਕਿਹਾ ਕਿ ਉਹ ਤੁਹਾਡਾ ਹੱਕ ਆ, ਤੁਸੀਂ ਬਾਹਰ ਆ ਕੇ ਕਰ ਲਓ ਜੋ ਕਰਨਾ, ਪਰ ਮੈਂ ਬਹਿਸ ਨਹੀਂ ਕਰਨੀ। ਇਸ ਗੱਲ ਉੱਤੇ ਕਿ ਪੰਜਾਬੀ ਸਿੱਖਾਂ ਦੀ ਜ਼ੁਬਾਨ ਆ। ਹਿਸਟੋਰੀਕਲੀ ਇਹ ਗ਼ਲਤ ਗੱਲ ਐ। ਪੰਜਾਬੀ ਨੂੰ ਤੁਰੀ ਆਉਂਦੀ ਨੂੰ ਘੱਟੋ-ਘੱਟ ਇਕ ਹਜ਼ਾਰ ਸਾਲ ਹੋ ਗਿਆ ਆ। ਹੋ ਸਕਦਾ ਇਹਤੋਂ ਪੁਰਾਣੀ ਵੀ ਹੋਵੇ, ਜਿਹੜੀ ਅਸੀਂ ਗੁਰਮੁਖੀ ਕਹਿੰਦੇ ਆ ਇਹਦੀ ਪ੍ਰੋਟੱਟਾਈਪ ਲਿਪੀ ਪਹਿਲਾਂ ਵੀ ਸੀ। ਇਹ ਤਾਂ ਬਾਅਦ ਵਿੱਚ ਗੁਰੂਆਂ ਨੇ ਇਸ ਵਿੱਚ ਸੁਧਾਰ ਕਰਕੇ ਇਸ ਦਾ ਸੁਧਰਿਆ ਰੂਪ ਦਿੱਤਾ। ਸੋ ਪੰਜਾਬੀ ਪੰਜਾਬੀਆਂ ਦੀ ਜ਼ੁਬਾਨ ਆ। ਇਸ ਕਰਕੇ ਸ਼ਾਹਮੁਖੀ ਅਤੇ ਗੁਰਮੁਖੀ ਲਿੱਪੀਆਂ ਵਿੱਚ ਜੋ ਨਵੀਆਂ ਕਿਤਾਬਾਂ ਛਪਦੀਆਂ ਹਨ, ਉਨ੍ਹਾਂ ਲਈ ਇਹ ਐਵਾਰਡ ਐ। ਸੋ ਇਹੋ ਜਿਹੀਆਂ ਸਾਡੇ ਮੂਹਰੇ ਅੰਕੜਾਂ ਆਈਆਂ। ਫੇਰ ਤੁਹਾਨੂੰ ਪਤਾ ਈ ਆ ਲੋਕੀਂ ਥੋੜ੍ਹੀ ਜਿਹੀ ਸ਼ੱਕ ਵੀ ਕਰਦੇ ਹੁੰਦੇ ਆ। ਪਤਾ ਨਹੀਂ ਇਨ੍ਹਾਂ ਨੇ ਇਹ ਕੰਮ ਕਰਨਾ ਕਿ ਨਹੀਂ ਕਰਨਾ। ਬਥੇਰੇ ਹੋਰ ਐਵਾਰਡ ਆ। ਦੋ-ਚਾਰ ਸਾਲ ਚਲਾ ਕੇ ਜ਼ੋਰ ਲੱਗ ਜਾਂਦਾ ਆ। ਪਤਾ ਨ੍ਹੀਂ ਇਨ੍ਹਾਂ ਨੇ ਐਵਾਰਡ ਉਨ੍ਹਾਂ ਨੂੰ ਦੇਣਾ ਆ, ਜਿਹੜੇ ਏਨ੍ਹਾਂ ਦੇ ਨੇੜੇ ਆ। ਏਦਾਂ ਦੀਆਂ ਗੱਲਾਂ ਹੋਈਆਂ। ਮੈਨੂੰ ਲੱਗਦਾ ਜਿਹੜੇ ਤਿੰਨ-ਚਾਰ ਸਾਲ ਸਨ, ਉਨ੍ਹਾਂ ਤੋਂ ਲੇਖਕਾਂ ਨੂੰ ਉਤਸ਼ਾਹ ਵੀ ਮਿਲਿਆ। ਬਹੁਤ ਚੰਗਾ ਰਿਸਪੌਂਸ ਮਿਲਿਆ। ਕਈ ਨੁਕਤਾਚੀਨੀਆਂ ਵੀ ਹੋਈਆਂ। ਕਿਸੇ ਲਿਖਾਰੀ ਨੇ ਕਿਹਾ ਕਿ ਇਹ ਮੈਨੂੰ ਮਿਲਣਾ ਚਾਹੀਦਾ ਸੀ ਜਾਂ ਹੋਰਨਾਂ ਨੇ ਕਿਹਾ ਕਿ ਓਹਨੂੰ ਮਿਲਣਾ ਚਾਹੀਦਾ ਆ। ਐਦਾਂ ਕਰੋ ਐਦਾਂ ਨਾ ਕਰੋ...ਵਗੈਰਾ-ਵਗੈਰਾ। ਹੁਣ ਬਾਰ੍ਹਵੇਂ ਸਾਲ ਵਿੱਚ ਇਹ ਗੱਲ ਐਸਟੇਬਲਿਸ਼ ਹੋ ਗਈ ਆ ਕਿ ਸਾਡਾ ਸਿਸਟਮ ਹੈਗਾ ਖੁੱਲ੍ਹਾ। ਲੇਖਕ, ਪ੍ਰਕਾਸ਼ਕ ਤੇ ਤੀਜੀ ਧਿਰ ਕਿਤਾਬ ਸਬਮਿਟ ਕਰ ਸਕਦੇ ਹਨ। ਸਾਡੇ ਉੱਤੇ ਕਈ ਬੰਦਿਆਂ ਦਾ ਬਹੁਤ ਜ਼ੋਰ ਰਿਹਾ। ਜਿਹੜੇ ਪੰਜਾਬੀ ਸਾਹਿਤ ਦੇ ਬਹੁਤ ਮੰਨੇ-ਪ੍ਰਮੰਨੇ ਆ ਕਿ ਤੁਹਾਨੂੰ ਏਦਾਂ ਨਹੀਂ ਕਰਨਾ ਚਾਹੀਦਾ। ਤੁਸੀਂ ਕੋਈ ਕਮੇਟੀ ਬਣਾਓ। ਤੁਸੀਂ ਆਪ ਦੇਖੋ ਲਿਖਤਾਂ ਕਿਹੜੀਆਂ ਆ ਰਹੀਆਂ ਨੇ। ਉਨ੍ਹਾਂ ਨੂੰ ਸਿਲੈਕਟ ਕਰੋ। ਇਹਦੇ ਵਿੱਚ ਕਈ ਲੇਖਕ ਘਾਟਾ ਇਹ ਸਮਝਦੇ ਆ ਕਿ ਅਸੀਂ ਆਪ ਕਿਤਾਬ ਕਿਉਂ ਸਬਮਿਟ ਕਰੀਏ। ਮੈਂ ਕਿਹਾ, ਇਹਦੇ ਵਿੱਚ ਕੋਈ ਘਾਟਾ ਨਹੀਂ। ਮੈਂ ਕਿਹਾ ਵੀ ਸਾਡਾ ਖੁੱਲ੍ਹਾ ਸਿਸਟਮ ਆ। ਅਸੀਂ ਫਾਟਕ ਉੱਤੇ ਕੋਈ ਚੌਕੀਦਾਰ ਨਹੀਂ ਖੜਾ ਕਰਨਾ। ਜਿੱਦਣ ਅਸੀਂ ਕਮੇਟੀ ਬਣਾ ਦਿੱਤੀ ਕਿ ਆਹ ਬੰਦਿਆਂ ਨੇ ਕਿਤਾਬਾਂ ਦੇਖਣੀਆਂ ਆਂ, ਓਦਣ ਅਸੀਂ ਫੇਲ੍ਹ ਹੋ ਜਾਣਾ।

? ਹੁਣ ਇਸ ਐਵਾਰਡ ਨੂੰ 12 ਸਾਲ ਹੋ ਗਏ ਨੇ। ਇਨ੍ਹਾਂ 12 ਸਾਲਾਂ ਵਿੱਚ ਤਕਰੀਬਨ 100 ਕੁ ਜਿਊਰੀ ਮੈਂਬਰ ਰਹੇ ਹੋਣਗੇ।

-ਤਕਰੀਬਨ 80 ਜਿਊਰੀ ਮੈਂਬਰ ਹਨ। ਸਾਡੇ ਕੋਲ ਉਨ੍ਹਾਂ ਦੇ ਨਾਂਅ ਵੀ ਹਨ।

? ਇਨ੍ਹਾਂ ਜਿਊਰੀ ਮੈਂਬਰ ਨਾਲ ਤੁਹਾਡਾ ਅਨੁਭਵ ਕਿਹੋ ਜਿਹਾ ਰਿਹਾ। ਉਨ੍ਹਾਂ ਦੀ ਕਿਤਾਬਾਂ ਚੋਣ ਕਰਨ ਦੀ ਕਿਸ ਤਰ੍ਹਾਂ ਦ੍ਰਿਸ਼ਟੀ ਰਹੀ ਏ। ਕੋਈ ਖੱਟਾ-ਮਿੱਟਾ ਅਨੁਭਵ... ਜਾਂ ਤੁਹਾਨੂੰ ਕਿਤੇ ਲੱਗਾ ਕਿ ਫਲਾਨਾ ਜਿਊਰੀ ਮੈਂਬਰ ਕੋਈ ਗੜਬੜ ਕਰ ਰਿਹਾ।

-ਪਹਿਲੀ ਗੱਲ ਤਾਂ ਇਹ ਆ ਕਿ 77 ਜਾਂ 80 ਜਿਹੜੇ ਜਿਊਰੀ ਮੈਂਬਰ ਰਹੇ ਨੇ। ਮੈਂ ਤਾਂ ਇਹੀ ਕਹਾਂਗਾ ਕਿ ਇਹ ਸਾਰੇ ਪੰਜਾਬੀ ਦੇ ਵਿਦਵਾਨ ਹਨ। ਉਨ੍ਹਾਂ ਵਿੱਚੋਂ ਕਈ ਲੇਖਕ ਵੀ ਹਨ। ਕਈ ਆਲੋਚਕ ਵੀ ਰਹੇ ਆ। ਕਈ ਪ੍ਰੋਫੈਸਰ ਵੀ ਰਹੇ ਆ। ਸਾਡੀ ਵੈਬਸਾਈਟ ਉੱਤੇ ਸਾਰਿਆਂ ਦੇ ਨਾਂਅ ਹੈਗੇ ਆ। ਦਲੀਪ ਕੌਰ ਟਿਵਾਣਾ ਪਹਿਲੇ ਸਾਲ ਵਿੱਚ ਜਿਊਰੀ ਮੈਂਬਰ ਸੀ। ਪ੍ਰੋ. ਰਘਬੀਰ ਸਿੰਘ ਹੁਰੀਂ ਰਹੇ ਨੇ। ਡਾ. ਲਖਵਿੰਦਰ ਸਿੰਘ ਜੌਹਲ ਰਹੇ ਨੇ। ਪਾਕਿਸਤਾਨ ਤੋਂ ਸਅਈਦ ਭੁੱਟਾ ਜੀ ਰਹੇ ਨੇ। ਹਰੇਕ ਚੀਜ਼ ਵਿੱਚ ਤੁਹਾਨੂੰ ਵਿਸ਼ਵਾਸ ਰੱਖਣ ਦੀ ਲੋੜ ਆ। ਤੁਹਾਡੇ ਪ੍ਰੋਸੈੱਸ ਵਿੱਚ ਵਿਸ਼ਵਾਸ ਹੋਵੇ। ਤੇ ਜਿਹੜੇ ਬੰਦੇ ਤੁਹਾਡੇ ਨਾਲ ਕੰਮ ਕਰਦੇ ਆ, ਉਨ੍ਹਾਂ ਉੱਤੇ ਵਿਸ਼ਵਾਸ ਹੋਵੇ। ਬਾਕੀ ਇਹ ਦੇਖਣਾ ਪੈਂਦਾ ਹਰੇਕ ਜਿਊਰੀ ਮੈਂਬਰ ਨੇ ਆਪਣੀਆਂ ਡਿਊਟੀਆਂ ਕਿੱਦਾਂ ਨਿਭਾਈਆਂ। ਪਹਿਲਾਂ ਲਿਖਤੀ ਰੂਪ ਵਿੱਚ ਸਾਰੇ ਰੂਲ ਸਨ। ਹੁਣ ਪਿਛਲੇ ਸਾਲਾਂ ਤੋਂ ਅਸੀਂ ਕਲੀਅਰ ਤੇ ਸਪੱਸ਼ਟ ਕੀਤਾ ਆ ਕਿ ਸਾਡਾ ਐਗਰੀਮੈਂਟ ਅੰਗਰੇਜ਼ੀ ਵਿੱਚ ਅਤੇ ਪੰਜਾਬੀ ਵਿੱਚ ਹੁੰਦਾ ਆ ਕਿ ਜਿਊਰੀ ਦੀ ਡਿਊਟੀ ਕੀ ਆ। ਜਿਊਰੀ ਦੀ ਰਿਸਪੋਸੀਬਲਟੀ ਕੀ ਆ? ਉਹਦੇ ਵਿੱਚ ਇਹ ਵੀ ਸਪੱਸ਼ਟ ਕੀਤਾ ਆ ਕਿ ਜਦੋਂ ਜਿਊਰੀ ਮੈਂਬਰਾਂ ਨੇ ਕਿਤਾਬਾਂ ਦੇਖਣੀਆਂ, ਪੜ੍ਹਨੀਆਂ ਆ। ਇਨ੍ਹਾਂ ਨੂੰ ਤੁਸੀਂ ਲਿਟਰੇਰੀ ਪੱਖੋਂ ਦੇਖਣਾ ਆ। ਉਹਦੇ ਵਿੱਚ ਅਸੀਂ ਪੰਜ ਗੁਣ ਲਿਖੇ ਆ। ਤੁਸੀਂ ਲੇਖਕ ਨੂੰ ਨਹੀਂ ਦੇਖਣਾ। ਇਹ ਵੀ ਨਹੀਂ ਦੇਖਣਾ ਕਿ ਇਹਦੀਆਂ ਪਹਿਲਾਂ ਕਿੰਨੀਆਂ ਲਿਖਤਾਂ ਆਈਆਂ ਹਨ। ਇਹਦਾ ਨਾਂਅ ਕਿੰਨਾ ਕੁ ਆ। ਇਹ ਕੋਈ ਪਾਵਰਫੁੱਲ ਬੰਦਾ ਤਾਂ ਨਹੀਂ ਕਿ ਉਹਦੀ ਤਾਕਤ ਨੂੰ ਦੇਖ ਕੇ ਉਹਦੇ ਹੱਕ ਵਿੱਚ ਫੈਸਲਾ ਕਰਨਾ ਆ। ਸੋ ਇਹ ਸਾਡੇ ਰੂਲ ਹੈਗੇ ਆ। ਮੈਂ ਇਹੀ ਗੱਲ ਕਹੂੰਗਾ ਕਿ ਸਾਰੀਆਂ ਕਿਤਾਬਾਂ ਦੀ ਚੋਣ ਚੰਗੀ ਹੋਈ ਆ। ਏਥੇ 2019 ਤੋਂ ਬਾਅਦ ਇਕ ਤਬਦੀਲੀ ਜ਼ਰੂਰ ਲਿਆਂਦੀ ਆ। ਹੁਣ ਜਦੋਂ ਅਸੀਂ ਜਿਊਰੀ ਤਿਆਰ ਕਰਦੇ ਹਾਂ। ਅਸੀਂ ਉਹਦੀਆਂ ਪ੍ਰਾਪਤੀਆਂ ਵੀ ਵੇਖਦੇ ਹਾਂ। ਅਸੀਂ ਕਿਸੇ ਨੂੰ ਦੱਸਦੇ ਨਹੀਂ ਅਸੀਂ ਕਿਹਦੇ ਨਾਲ ਗੱਲ ਕਰਦੇ ਆਂ। ਸਾਡੇ ਕੋਲ ਹਰੇਕ ਸਾਲ ਲੇਖਕਾਂ ਦੀ ਜਾਣਕਾਰੀ ਹੁੰਦੀ ਹੈ। ਅਸੀਂ ਕਿਸੇ ਨਾਲ ਐਗਰੀਮੈਂਟ ਨਹੀਂ ਕਰਦੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਉਨ੍ਹਾਂ ਵਿੱਚ ਔਰਤਾਂ ਵੀ ਹੋਣ। ਦੋਵੇਂ ਪਾਸਿਓਂ ਤੋਂ ਹੋਣ। ਉਨ੍ਹਾਂ ਬੰਦਿਆਂ ਦਾ ਸਾਹਿਤ ਵਿੱਚ ਨਾਂਅ ਵੀ ਹੋਵੇ। ਏਹ ਸਾਰਾ ਕੁਝ ਦੇਖ ਦੇ ਜਿਊਰੀਆਂ ਬਣਦੀਆਂ ਹਨ। ਫਿਰ ਹਰੇਕ ਜਿਊਰੀ ਦੀ ਆਨਲਾਇਨ ਅਸੀਂ ਮੀਟਿੰਗ ਕਰਦੇ ਹਾਂ। ਸਾਰੇ ਸਮਝ ਜਾਣ ਅਸੀਂ ਕਰਦੇ ਕੀ ਹਾਂ। ਫਿਰ ਉਨ੍ਹਾਂ ਦੇ ਐਗਰੀਮੈਂਟ 'ਤੇ ਸਾਇਨ ਹੁੰਦੇ ਆ। ਫਿਰ ਜਦੋਂ ਉਨ੍ਹਾਂ ਦੀ ਰੈੱਕਅਮੈਂਨਡੇਸ਼ਨ ਆਉਂਦੀ ਆ, ਫਿਰ ਅਸੀਂ ਸਾਰੀ ਗੱਲਬਾਤ ਕਰਦੇ ਆਂ। ਬਈ ਆਹ ਜਿਹੜੀਆਂ ਕਿਤਾਬਾਂ ਹਨ, ਤੁਸੀਂ ਇਨ੍ਹਾਂ ਨੂੰ ਕਿਉਂ ਰੈਕਮੈਂਡ ਕਰਦੇ ਹੋ ਕਿ ਇਹ ਸਾਡੀ ਲੌਂਗ ਲਿਸਟ ਵਿੱਚ ਹੋਣ। ਲੌਂਗ ਲਿਸਟ ਉਹ ਆ, ਜਿਹੜੀ ਸੈਂਟਰਲ ਜਿਊਰੀ ਨੂੰ ਜਾਂਦੀ ਆ। ਉੱਥੇ ਫਿਰ ਗੱਲਬਾਤ ਹੁੰਦੀ ਆ। ਏਦਾਂ ਹੀ ਸੈਂਟਰਲ ਜਿਊਰੀ ਦੇ ਨਾਲ ਹੁੰਦਾ ਆ। ਓਵਰਆਲ ਮੈਂ ਏਹੀ ਕਹਾਂਗਾ-ਸਾਰਾ ਕੁਝ ਵਧੀਆ ਢੰਗ ਨਾਲ ਹੋ ਰਿਹਾ।

? ਜੋ ਢਾਹਾਂ ਦੀ ਕਮੇਟੀ ਆ, ਤੁਸੀਂ ਹੋ। ਤੁਹਾਡੀ ਭੈਣਜੀ ਹਰਿੰਦਰ ਕੌਰ ਜੀ ਨੇ। ਉਨ੍ਹਾਂ ਦੀ ਦਖਲ-ਅੰਦਾਜ਼ੀ ਕਿੰਨੀ ਕੁ ਹੁੰਦੀ ਆ, ਜਿਊਰੀ ਮੈਂਬਰਾਂ ਦੇ ਜੋ ਫੈਸਲੇ ਹੁੰਦੇ ਨੇ।

-ਹੁਣ ਸਾਡੀ ਇਹਦੇ ਵਿੱਚ ਦਖਲਅੰਦਾਜ਼ੀ ਕਾਫੀ ਐ, ਕਿਉਂਕਿ ਜਿਹੜੇ ਜਿਊਰੀ ਮੈਂਬਰ ਬਣਦੇ ਨੇ, ਉਹਦੇ ਵਿੱਚ ਅਸੀਂ ਐਡਵਾਇਜ਼ਰੀ ਚੇਅਰ ਦੇ ਨਾਲ ਗੱਲਬਾਤ ਕਰਕੇ ਇਕ ਸਾਂਝਾ ਫੈਸਲਾ ਕਰਦੇ ਆਂ ਕਿ ਜਿਊਰ ਮੈਂਬਰ ਕਿਹੜੇ ਹਨ। ਫਿਰ ਜਦੋਂ ਰੈੱਕਅਮੈਂਨਡੇਸ਼ਨ ਆਉਂਦੀਆਂ ਹਨ। ਉਨ੍ਹਾਂ ਦਾ ਰੀਵਿਊ ਕਰਦੇ ਹਾਂ। ਉਹ ਵੀ ਸਾਡੀ ਦੋ ਘੰਟਿਆਂ ਦੀ ਮੀਟਿੰਗ ਘੱਟੋ-ਘੱਟ ਹੁੰਦੀ ਆ। ਅਸੀਂ ਹਰੇਕ ਜਿਊਰੀ ਮੈਂਬਰ ਨੂੰ ਪੁੱਛਦੇ ਹਾਂ ਕਿ ਤੁਸੀਂ ਇਸ ਕਿਤਾਬ ਨੂੰ ਕਿਉਂ ਐਨੇ ਨੰਬਰ ਦਿੰਦੇ ਆ। ਤੁਹਾਨੂੰ ਪਤੈ ਕਿ ਜੇਕਰ ਤਿੰਨ ਜਿਊਰਰ ਹਨ। ਕਿਸੇ ਨੇ ਇਕ ਕਿਤਾਬ ਨੂੰ ਲੈ ਕੇ ਕਿਹਾ ਕਿ ਇਹ ਮੋਹਰੇ ਕਿਤਾਬ ਆ। ਇਹਨੂੰ ਮੈਂ ਐਨੇ ਨੰਬਰ ਦਿੰਦਾ ਆ। ਇਕ ਹੋਰ ਜਿਊਰਰ ਇਹ ਕਹਿ ਸਕਦਾ ਕਿ ਮੈਨੂੰ ਇਹ ਨਹੀਂ ਪਸੰਦ। ਉਹ ਨੰਬਰ ਘੱਟ ਦਿੰਦਾ ਆ। ਇਨ੍ਹਾਂ ਵਿੱਚ ਕਾਫੀ ਫ਼ਰਕ ਦੇਖਦੇ ਹਾਂ। ਉਹ ਜਿਹੜਾ ਨੰਬਰਾਂ ਦਾ ਫ਼ਰਕ ਆ, ਉਸ ਗੈਪ ਨੂੰ ਤੁਸੀਂ ਕਿਵੇਂ ਸਮਝਦੇ ਹੋ? ਅੰਡਰਸਟੈਂਡ ਕਰਦੇ ਹੋ? ਇਕ ਜਿਊਰਰ ਕੁਝ ਕਹਿ ਰਿਹਾ, ਦੂਜਾ ਕੁਝ ਹੋਰ ਕਹਿ ਰਿਹਾ। ਉਹ ਅਜਿਹਾ ਕਿਉਂ ਕਹਿ ਰਿਹਾ। ਅਸੀਂ ਕਿਉਂ? ਪੁੱਛਣਾ ਚਾਹੁੰਦੇ ਹਾਂ ਕਿ ਇਸ ਕਿਤਾਬ ਵਿੱਚ ਕਿਹੜੀ ਖੂਬੀ ਐ? ਉਹ ਜਿਹੜੇ ਪੰਜ ਸਾਡੇ ਨੁਕਤੇ ਆ। ਉਹ ਦੱਸੋ।

? ਜਦੋਂ ਐਵਾਰਡ ਆਰੰਭ ਹੋਇਆ, ਉਦੋਂ ਇਹ ਨੁਕਤੇ ਨਹੀਂ ਸਨ।

-ਉਦੋਂ ਸੀ ਜੋ ਅਡਵਾਈਜ਼ਰੀ ਚੇਅਰ ਹੁੰਦੇ ਸਨ, ਉਹੀ ਜਿਊਰੀਆਂ ਬਣਾਉਂਦੇ ਸਨ। ਫਿਰ ਜਿਹੜੀਆਂ ਵੀ ਜਿਊਰੀਆਂ ਦੀਆਂ ਰੈੱਕਅਮੈਂਨਡੇਸ਼ਨਾਂ ਆਉਂਦੀਆਂ ਸਨ, ਉਸ ਬੇਸ ਉੱਤੇ ਐਵਾਰਡ ਦਿੱਤੇ ਜਾਂਦੇ ਸਨ। ਇਹਦੇ ਵਿੱਚ ਅਸੀਂ ਤਬਦੀਲੀ ਜ਼ਰੂਰ ਲਿਆਂਦੀ ਆ, ਪਰ ਸਾਡਾ ਰੋਲ ਪਹਿਲੇ ਦਿਨ ਤੋਂ ਰਿਹਾ। 2019 ਤੋਂ ਲੈ ਕੇ ਅਸੀਂ ਇਹਦੇ ਵਿੱਚ ਤਬਦੀਲੀ ਲਿਆਂਦੀ ਆ। ਪ੍ਰਾਇਜ਼ ਅਸਟੇਬਲਿਸ਼ ਅਸੀਂ ਕੀਤਾ ਆ। ਪੈਸੇ ਵੀ ਸਾਡੇ ਆ। ਸਿਸਟਮ ਵੀ ਸਾਡਾ ਆ। ਜਿੰਨਾ ਟਾਈਮ ਅਸੀਂ ਲਾ ਰਹੇ ਹਾਂ, ਉਹ ਮੈਂ ਦੱਸ ਨਹੀਂ ਸਕਦਾ। ਉਸ ਸਮੇਂ ਦੀ ਕਿਸੇ ਨੂੰ ਕੀਮਤ ਦਾ ਨਹੀਂ ਪਤਾ। ਸੋ ਜੇ ਅਸੀਂ ਸਾਰਾ ਕੁਝ ਕਰਦੇ ਆ ਤਾਂ ਸਾਡਾ ਰੋਲ ਤਾਂ ਚਾਹੀਦਾ ਆ। ਫੈਸਲਾ ਕਿੱਦਾਂ ਹੋ ਰਿਹਾ। ਤੁਹਾਨੂੰ ਪਤੈ ਗ਼ਲਤ ਫੈਸਲੇ ਵੀ ਹੋ ਸਕਦੇ ਆ। 2018 ਦੀ ਗੱਲ ਆ। ਜਦੋਂ ਬਲਦੇਵ ਸਿੰਘ (ਸੜਕਨਾਮਾ) ਦੇ ਨਾਵਲ 'ਸੂਰਜ ਦੀ ਅੱਖ' ਨੂੰ ਇਨਾਮ ਦੇਣ ਦਾ ਐਲਾਨ ਹੋਇਆ ਤਾਂ ਮੈਨੂੰ ਇਕ ਮੈਸੇਜ਼ ਆਇਆ, ਬਈ ਆਹ ਤਿੰਨ ਕਿਤਾਬਾਂ ਆਂ। ਮੈਨੂੰ ਉਸੇ ਵੇਲੇ ਪਤਾ ਲੱਗ ਗਿਆ ਕਿ ਹੁਣ ਰੌਲ਼ੀ ਪੈ ਜਾਣੀ ਆਂ, ਪਰ ਅਸੀਂ ਡਟੇ ਰਹੇ ਆ ਕਿ ਜਿਊਰੀ ਦਾ ਫੈਸਲਾ ਆ। ਬਲਦੇਵ ਸਿੰਘ (ਸੜਕਨਾਮਾ) ਦੀ ਕਿਤਾਬ ਬਹੁਤ ਵਧੀਆ ਕਿਤਾਬ ਆ, ਲਿਟਰੇਰੀ ਐਂਗਲ ਦੇ ਪੱਖੋਂ। ਉਹਦੇ ਵਿੱਚ ਕੋਈ ਵੀ ਗੱਲ ਸਿੱਖੀ ਦੇ ਬਰਖ਼ਿਲਾਫ਼ ਨਹੀਂ। ਗੁਰੂ ਸਾਹਿਬਾਨ ਦੇ ਬਰਖ਼ਿਲਾਫ਼ ਨਹੀਂ। ਕੋਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਖ਼ਿਲਾਫ਼ ਨਹੀਂ। ਮਹਾਰਾਜਾ ਰਣਜੀਤ ਸਿੰਘ ਰਾਜਾ ਸੀ। ਭਾਵੇਂ ਉਹ ਸਿੱਖ ਸੀਗਾ। ਉਹਨੇ ਰਾਜ ਬਹੁਤ ਹੀ ਵਧੀਆ ਕੀਤਾ, ਪਰ ਜਿੱਦਾਂ ਰਾਜੇ ਕਰਦੇ ਹੁੰਦੇ ਆ। ਜਦੋਂ ਤਾਕਤ ਆ ਗਈ ਹੱਥ ਵਿੱਚ। ਸਾਰੀ ਰੌਲ਼ੀ ਮੋਰਾਂ ਤੋਂ ਪਈ ਆ। ਇਹ ਇਤਿਹਾਸ ਦੱਸਦਾ ਕਿ ਮੋਰਾਂ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਡੂੰਘਾ ਪਿਆਰ ਸੀਗਾ। ਉਹ ਵੀ ਇਕ ਤਰ੍ਹਾਂ ਨਾਲ ਕਲਾਕਾਰ ਸੀ। ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ ਕਿ ਤੈਨੂੰ ਸਜ਼ਾ ਦੇਣੀ ਆਂ। ਤੂੰ ਮੋਰਾਂ ਨੂੰ ਛੱਡ ਦੇ। ਉਹ ਅੰਮ੍ਰਿਤਸਰ ਗਏ ਸਨ। ਉਨ੍ਹਾ ਕਿਹਾ